# ਆਰ ਕਿ ਪਾਰ

(ਨਾਟਕ)



***ਲੇਖਕ ਦੀ ਕਲਮ ਤੋਂ***

- ਕਲਯੁਗ ਦੀ ਮੈਲ਼ (ਇਕਾਂਗੀ ਸੰਗ੍ਰਹਿ 1996)
- ਜਬੈ ਬਾਣ ਲਾਗਿਯੋ (ਭਾਸ਼ਾ ਵਿਭਾਗ ਪੰਜਾਬ ਦਾ ਆਈ.ਸੀ. ਨੰਦਾ ਪੁਰਸਕਾਰ ਜੇਤੂ ਨਾਟ-ਸੰਗ੍ਰਹਿ, 1999)
- ਡਾਲਰ ਮੇਰਾ ਪੁੱਤਰ (ਪੂਰਾ ਨਾਟਕ, 2003)
- ਜੇਠੂ ਦਾ ਕੋਠਾ (ਨਾਟ-ਸੰਗ੍ਰਹਿ, 2008)
- ਗ੍ਰਹਿਸਤ ਦਾ ਗੱਡਾ (ਨਾਟ-ਸੰਗ੍ਰਹਿ, 2015)
- ਮੈਂ ਪੰਜਾਬਣ ਹਾਂ (ਨਾਟ-ਸੰਗ੍ਰਹਿ, 2018)

---

ਲੇਖਕ ਦੀਆਂ ਉਕਤ 6 ਨਾਟ ਪੁਸਤਕਾਂ 'ਤੇ ਖੋਜ ਕਾਰਜ (ਆਲੋਚਨਾ)
ਸਤਵਿੰਦਰ ਬੇਗੋਵਾਲੀਆ ਦਾ ਨਾਟ-ਜਗਤ (2019, ਸ਼ਿਲਾਲੇਖ ਪਬਲਿਸ਼ਰਜ਼ ਦਿੱਲੀ)
- ਸੰਪਾਦਕ : ਡਾ. ਗੁਰਜੀਤ ਕੌਰ ਗੁਰੀ

# ਆਰ ਕਿ ਪਾਰ

ਸਤਵਿੰਦਰ ਬੇਗੋਵਾਲੀਆ



ਸੰਸਕਰਣ : 2024

# Aar Ke Paar

(Play)

by

Satwinder Begowalia
Ward No. 2, Tanda Road
Begowal (Kapurthala) 144621
Mob. : 98154-65620

© All rights are reserved

Published by :
**Sunder Book Depot**
Mai Hiran Gate, Jalandhar
Ph. 0181-2623184
Email : sunderbookdepot@yahoo.com

ISBN No. : 978-81-953450-9-0

***Printers***
Walia Printers
Dhan, Mohalla, Jalandhar
99157-62071

*ਚਿੱਤਰਕਾਰ*
*ਨਵਜੋਤ ਯੂ.ਐਸ.ਏ.*

*ਮੁੱਲ: 160/-*

# ਸਮਰਪਣ

*ਮੇਰੇ ਦੋਹਾਂ ਸਪੁੱਤਰਾਂ ਨਵਜੋਤ ਸਿੰਘ ਅਤੇ ਪ੍ਰਭਜੋਤ ਸਿੰਘ ਨੂੰ*
*ਜਿਹਨਾਂ ਨੇ ਮੇਰੇ ਨਾਟਕਾਂ ਦੇ ਮੰਚਨ ਮੌਕੇ*
*ਅਹਿਮ ਭੂਮਿਕਾਵਾਂ ਨਿਭਾਈਆਂ।*



# *ਆਰ ਕਿ ਪਾਰ - ਨੈਤਿਕ ਕਦਰਾਂ ਕੀਮਤਾਂ ਬਨਾਮ ਪੂੰਜੀਵਾਦੀ ਵਿਵਸਥਾ*

ਸਤਵਿੰਦਰ ਬੇਗੋਵਾਲੀਆ ਪੰਜਾਬੀ ਨਾਟਕ ਦੀ ਚੌਥੀ ਪੀੜੀ ਦਾ ਚਰਚਿਤ ਨਾਟਕਕਾਰ ਹੈ ਜੋ ਲਗਾਤਾਰ ਨਾਟ ਰਚਨਾ ਅਤੇ ਨਾਟ ਮੰਚਨ ਦੀ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ।ਉਸਨੇ ਇੱਕ ਤੋਂ ਬਾਅਦ ਇੱਕ ਲਗਾਤਾਰ ਛੇ ਨਾਟ-ਸੰਗ੍ਰਹਿ ਪੰਜਾਬੀ ਨਾਟ ਜਗਤ ਦੀ ਝੋਲੀ ਪਾਏ ਹਨ ਅਤੇ ਪੰਜਾਬੀ ਨਾਟਕਕਾਰੀ ਦੇ ਖੇਤਰ ਵਿੱਚ ਗੌਲਣ ਯੋਗ ਹਸਤਾਖਰ ਵਜੋਂ ਆਪਣੀ ਪਹਿਚਾਣ ਬਣਾ ਚੁੱਕਾ ਹੈ। ਸਤਵਿੰਦਰ ਬੇਗੋਵਾਲੀਆ ਨਾਟ ਮੰਚਨ ਦੀ ਪ੍ਰਕਿਰਿਆ ਵਿੱਚ ਨਿਰੰਤਰ ਕਾਰਜਸ਼ੀਲ ਹੈ।ਉਹਨਾਂ ਦੇ ਨਾਟਕ ਕਲਯੁਗ ਦੀ ਮੈਲ, ਜਬੈ ਬਾਣ ਲਾਗਿਓ, ਡਾਲਰ ਮੇਰਾ ਪੁੱਤਰ, ਜੇਠੂ ਦਾ ਕੋਠਾ, ਗ੍ਰਹਿਸਤ ਦਾ ਗੱਡਾ,  ਮੈਂ ਪੰਜਾਬਣ ਅਤੇ  ਹੁਣ ਆਰ ਕਿ ਪਾਰ ਨਾਟਕ ਰਾਹੀਂ ਉਸ ਨੇ ਪੰਜਾਬੀ ਨਾਟ ਜਗਤ ਵਿੱਚ ਆਪਣੇ ਸਥਾਨ ਨੂੰ ਹੋਰ ਪਕੇਰਾ ਕਰ ਲਿਆ ਹੈ।

'ਆਰ ਕਿ ਪਾਰ' ਨਾਟਕ ਵਿੱਚ ਨਾਟਕਕਾਰ ਧਰਮ ਤੋਂ ਧਨ, ਪਰਮਾਰਥ ਤੋਂ ਪਦਾਰਥ ਤੱਕ ਦੇ ਸਫ਼ਰ ਦੇ ਨਿਕਲੇ ਪਰਿਵਾਰ ਦੀ ਕਰੁਣਾਮਈ ਦਾਸਤਾਨ ਬਿਆਨ ਕਰਦਾ ਹੈ ਤੇ ਪੰਜਾਬ ਦੀ ਧਰਤੀ ਦੀ ਆਰ ਤੇ ਪਾਰ ਦੀ ਸਥਿਤੀ ਨੂੰ ਸਪਸ਼ਟ ਕਰਦਾ ਹੈ। ਅਜੋਕੇ ਪੂੰਜੀਵਾਦੀ ਯੁਗ ਵਿੱਚ ਮਨੁੱਖ ਦੀ ਸੋਚ ਵਿੱਚ ਆ ਰਹੀ ਤਬਦੀਲੀ ਨੂੰ ਬਿਆਨ ਕੀਤਾ ਗਿਆ ਹੈ, ਵਰਤਮਾਨ ਸਮੇਂ ਦੇ ਸੰਦਰਭ ਵਿੱਚ ਇਹ ਮਹੱਤਵਪੂਰਨ ਹੈ। ਪੂੰਜੀਵਾਦੀ ਵਿਵਸਥਾ ਵੱਲੋਂ ਵਿਅਕਤੀ ਨੂੰ ਦਿੱਤੀਆਂ ਨਿੱਜੀ ਸਹੂਲਤਾਂ ਕਿਵੇਂ ਜ਼ਿੰਦਗੀ ਦੇ ਹਰੇਕ ਪਹਿਲੂ ਉੱਤੇ ਅਸਰ ਕਰ ਰਹੀਆਂ ਹਨ, ਨਾਟਕ ਵਿੱਚ ਆਰ ਤੋਂ ਪਾਰ ਫੈਲੀ ਅਜਿਹੀ ਮਾਨਸਿਕਤਾ ਨੂੰ ਬਿਆਨ ਕੀਤਾ ਗਿਆ ਹੈ। ਨਾਟਕ ਵਿੱਚ ਕਮਲੇਸ਼ ਕੌਰ ਵੱਧ ਪੈਸਾ ਕਮਾਉਣ ਦੇ ਚੱਕਰ ਵਿੱਚ ਦੋਹਾਂ ਪੁੱਤਰਾਂ ਨੂੰ ਬਾਹਰ ਭੇਜ ਦਿੰਦੀ ਹੈ, ਤੇ ਇਸ ਕਾਰਜ ਵਿੱਚ ਉਸ

ਦਾ ਭਰਾ ਪ੍ਰਕਾਸ਼ ਉਸ ਦੀ ਪਿੱਠ 'ਤੇ ਖੜ੍ਹਾ ਹੈ। ਪਰ ਮਿਹਰ ਤੇ ਮੇਜਰ ਆਪਣੇ ਦੇਸ਼ ਵਿੱਚ ਪੜ੍ਹ ਲਿਖ ਕੇ ਅੱਗੇ ਵਧਣਾ ਚਾਹੁੰਦੇ ਹਨ। ਸੁਰਜੀਤ ਸਿੰਘ ਵੀ ਆਪਣੀ ਕਰਮ ਭੂਮੀ ਨਾਲ ਜੁੜ ਕੇ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿੱਚ ਵਿਸ਼ਵਾਸ ਕਰਦਾ ਹੈ ਪਰ ਆਪਣੀ ਪਤਨੀ ਅੱਗੇ ਮਜਬੂਰ ਹੁੰਦਾ ਹੋਇਆ ਆਪਣੇ ਪੁੱਤਰਾਂ ਦੇ ਪਰਵਾਸ ਨੂੰ ਰੋਕਣ ਵਿੱਚ ਅਸਮਰੱਥ ਰਹਿੰਦਾ ਹੈ। ਉੱਥੇ ਮਿਹਰ ਦਿਨ ਰਾਤ ਕੰਮ ਕਰਕੇ ਘਰ ਪੈਸੇ ਭੇਜਦਾ ਹੈ, ਪੈਸਿਆਂ ਦੀ ਭੁੱਖ ਕਮਲੇਸ਼ ਦੀ ਨਹੀਂ ਮਿਟਦੀ ਸਗੋਂ ਵੱਧਦੀ ਹੀ ਜਾਂਦੀ ਹੈ। ਅਸਲ ਵਿੱਚ ਨਾਟਕਕਾਰ ਇਸ ਨਾਟਕ ਰਾਹੀਂ ਇਹ ਦਰਸਾਉਣਾ ਚਾਹੁੰਦਾ ਹੈ ਕਿ ਪੂੰਜੀਵਾਦੀ ਦੇਸ਼ਾਂ ਦੇ ਵਿੱਚ ਰੋਜੀ ਰੋਟੀ ਖਾਤਰ ਆਪਣਾ ਘਰ-ਬਾਰ, ਸਮਾਜ, ਦੇਸ਼ ਅਤੇ ਸੱਭਿਆਚਾਰ ਆਦਿ ਛੱਡ ਕੇ ਮਨੁੱਖ ਜ਼ਿੰਦਗੀ ਭਰ ਕੰਮ ਕਰਦਾ ਹੈ। ਉੱਥੋਂ ਦੀ ਕਰਮ ਭੂਮੀ ਨਾ ਉਸ ਨੂੰ ਆਪਣੀ ਲੱਗਦੀ ਹੈ, ਨਾ ਇੱਥੇ ਆਪਣੇ ਸਕੇ ਸਬੰਧੀ ਆਪਣੀ ਧਰਤੀ ਨਾਲ ਮੋਹ ਰਹਿਣ ਦਿੰਦੇ ਹਨ। ਇਨਸਾਨ ਇੱਕ ਮਸ਼ੀਨ ਬਣ ਕੇ ਰਹਿ ਜਾਂਦਾ ਹੈ, ਨਾਟਕ ਵਿੱਚ ਮਿਹਰ ਰਾਤ ਦਿਨ ਕੰਮ ਕਰਕੇ ਪੈਸੇ ਭੇਜਦਾ ਰਹਿੰਦਾ ਹੈ। ਕਮਲੇਸ਼, ਮਿਹਰ ਨੂੰ ਗ੍ਰੀਨ ਕਾਰਡ ਨਾ ਮਿਲਣ ਕਰਕੇ ਵਾਪਸ ਆਉਣ ਤੋਂ ਵਰਜਦੀ ਰਹਿੰਦੀ ਹੈ। ਇਸ ਚੱਕਰ ਵਿੱਚ ਮਿਹਰ ਬਾਹਰ ਵਿਆਹ ਕਰਾ ਲੈਂਦਾ ਹੈ, ਦੋ ਬੱਚਿਆਂ ਦਾ ਬਾਪ ਬਣ ਜਾਂਦਾ ਹੈ ਅਤੇ ਪਾਰ ਤੋਂ ਆਰ ਪਹੁੰਚਣ ਲਈ ਲੋਚਦਾ ਰਹਿ ਜਾਂਦਾ ਹੈ । ਆਪਣੇ ਭਰਾ ਤੇ ਪਿਓ ਦੀ ਮੌਤ ਹੋਣ 'ਤੇ ਆਖਰੀ ਵਾਰ ਹਾਜ਼ਰ ਨਹੀਂ ਹੋ ਸਕਦਾ। ਜਿਸ ਕਰਕੇ ਉਹ ਪਾਰ ਦੀ ਤਲਖੀ ਨੂੰ ਬਿਆਨ ਕਰਦਾ ਹੋਇਆ ਆਖਦਾ ਹੈ-

"ਮੰਮੀ ਪੈਸੇ ਨਾਲ ਇੰਨਾ ਮੋਹ। ਪਿਛਲੇ ਸਾਢੇ ਚਾਰ ਸਾਲਾਂ ਵਿੱਚ ਕਰੋੜ ਰੁਪਈਆ ਭੇਜਿਆ ਮੈਂ, ਰੱਜ ਨਹੀਂ ਹੋਇਆ ਉਸ ਨਾਲ। ਮੇਰੀ ਜ਼ਿੰਦਗੀ ਬਾਰੇ ਸੋਚਿਐ ਕਦੇ, ਕਿਵੇਂ ਮੈਂ ਪਿਛਲੇ ਚਾਰ ਸਾਲਾਂ ਤੋਂ ਵੱਧ ਸਮਾਂ ਇਕੱਲਾ ਕੰਧਾਂ ਨਾਲ ਗੱਲਾਂ ਕਰਦਾ ਸੀ, ਮੈਨੂੰ ਸਾਥ ਮਿਲ ਗਿਐ।"

ਪਰਾਏ ਦੇਸ਼ ਦੀ ਨਿਰਮੋਈ ਇਕੱਲਤਾ ਤੋਂ ਪੂੰਜੀਵਾਦੀ ਦੇਸ਼ ਦੇ ਸਮਾਜਿਕ ਸੱਭਿਆਚਾਰ ਦੇ ਨੈਤਿਕ ਵਰਤਾਰੇ ਨੇ ਭਾਰਤੀ ਪਰੰਪਰਾ ਦੇ ਪਿਛੋਕੜ ਨਾਲ ਜੁੜੇ ਪ੍ਰਵਾਸੀ ਨੂੰ ਹਿਲਾ ਦਿੱਤਾ ਹੈ। ਬਾਹਰ ਗਿਆ ਮਨੁੱਖ ਪੈਸਾ ਤਾਂ ਬਹੁਤ ਕਮਾ ਲੈਂਦਾ ਹੈ ਪਰ ਅੰਦਰੋਂ ਇਕੱਲਾ ਹੋ ਜਾਂਦਾ ਹੈ। ਪਿੱਛੇ



ਬੈਠੇ ਪਰਿਵਾਰ ਦੇ ਰਿਸ਼ਤੇਦਾਰ ਸੋਚਦੇ ਹਨ ਕਿ ਪ੍ਰਵਾਸ ਕਰਦਾ ਵਿਅਕਤੀ ਐਸ਼ ਕਰਦਾ ਹੈ ਇਸ ਦੀ ਪੁਸ਼ਟੀ ਕਰਦਾ ਹੋਇਆ ਮਿਹਰ ਆਖਦਾ ਹੈ:

"ਇੱਥੇ ਲੇਬਰ ਬੜੀ ਔਖੀ ਏ, ਅਲਾਰਮ ਵੱਜਦੈ ਤੇ ਮੈਂ ਤਿਆਰ ਹੋ ਜਾਨਾ। ਜਲਦੀ ਜਲਦੀ ਟਰੇਨ ਫੜਨਾ। ਚਾਲੀ ਮਿੰਟ ਦੇ ਸਫ਼ਰ ਬਾਅਦ ਅੱਗੋਂ ਪੈਦਲ ਹੀ ਪੰਦਰਾਂ ਮਿੰਟ ਦਾ ਰਸਤਾ ਰੈਸਟੋਰੈਂਟ ਤੱਕ। ਦੱਸ ਘੰਟੇ ਖੜ੍ਹੇ ਹੋ ਕੇ ਕੰਮ ਕਰਦਾਂ। ਕੰਮ 'ਚ ਮਾੜੀ ਜਿਹੀ ਗਲਤੀ ਹੋ ਜਾਵੇ ਤਾਂ ਝਿੜਕਾਂ ਵੀ ਪੈਂਦੀਆਂ ਨੇ।"

ਨਾਟਕ ਵਿੱਚ ਦੂਜੀ ਧਿਰ ਪ੍ਰਕਾਸ਼ ਤੇ ਬਾਬੇ, ਏਜੰਟ ਦੀ ਹੈ ਜੋ ਆਪਣੀਆਂ ਜੇਬਾਂ ਭਰਨ ਦੀ ਖਾਤਰ ਗਲਤ ਹੱਥਕੰਡੇ ਅਪਣਾਉਂਦੇ ਹੋਏ ਕਮੀਨਗੀ ਦੇ ਹੱਦ ਤੱਕ ਉਤਰ ਜਾਂਦੇ ਹਨ। ਉਥੇ ਕਮਲੇਸ਼ ਪਿਛਲੱਗ ਔਰਤ ਸਾਬਤ ਹੁੰਦੀ ਹੈ ਜੋ ਆਪਣਾ ਪੁੱਤਰ ਗਵਾ ਲੈਂਦੀ ਤੇ ਆਪਣੇ ਹੱਥੀਂ ਆਪਣੇ ਪਤੀ ਦਾ ਕਤਲ ਕਰ ਦਿੰਦੀ ਹੈ। ਇਸ ਤਰ੍ਹਾਂ ਪਾਰ ਤੋਂ ਆਉਂਦੇ ਪੈਸੇ ਨਾਲ ਆਰ ਨੂੰ ਸੌਖਾ ਕਰਨ ਦੇ ਚੱਕਰ ਵਿੱਚ ਆਰ ਤੇ ਪਾਰ ਦੇ ਵਿਚਕਾਰ ਫਸ ਕੇ ਰਹਿ ਜਾਂਦੀ ਹੈ।

ਜਿਸ ਥਾਂ ਸੀ ਕੁਦਰਤ ਵਸਦੀ
ਖੁਸ਼ੀਆਂ, ਖੇੜੇ ਤੇ ਪਿਆਰ
ਫਿਰ ਮਾਇਆ ਦੀ ਖੇਡ ਚੱਲੀ ਤਾਂ
ਕੋਈ ਆਰ ਕੋਈ ਪਾਰ।

ਇਸ ਤਰ੍ਹਾਂ ਸਤਵਿੰਦਰ ਬੇਗੋਵਾਲੀਆ ਦਾ ਨਾਟਕ ਨਵੇਂ ਨਰੋਏ ਉਸਾਰੂ ਸਮਾਜ ਦਾ ਪਿੜ ਤਿਆਰ ਕਰਦਾ ਹੋਇਆ ਨਿਰਣਾਇਕ ਭੂਮਿਕਾ ਨਿਭਾਉਂਦਾ ਹੈ। ਅਜੋਕੇ ਯੁਗ ਵਿੱਚ ਨੈਤਿਕ ਕਦਰਾਂ ਕੀਮਤਾਂ ਪਿੱਛੇ ਰਹਿ ਗਈਆਂ ਹਨ ਅਤੇ ਮਾਨਵੀ ਕੁਕਰਮ ਜ਼ਿਆਦਾ ਵੱਧ ਗਏ ਹਨ।

**ਗੁਰਜੀਤ ਕੌਰ ਗੁਰੀ** (ਡਾ.)
ਅਸਿਸਟੈਂਟ ਪ੍ਰੋਫੈਸਰ
ਡੀ.ਏ.ਵੀ. ਕਾਲਜ, ਜਲੰਧਰ
ਮੋ. 96463-51980

## *ਪੰਜਾਬ ਦਾ ਪਰਵਾਸ ਅਤੇ ਡਾਲਰਾਂ ਦੀ ਚਕਾਚੌਂਧ ਨੂੰ ਵੰਗਾਰਦਾ ਨਾਟਕ-ਆਰ ਕਿ ਪਾਰ*

ਕਵਿਤਾ, ਕਹਾਣੀ, ਨਾਵਲ ਦੇ ਸਮਾਨਾਂਤਰ ਹੀ ਨਾਟਕ ਦੀ ਆਪਣੀ ਵਿਸ਼ੇਸ਼ਤਾ ਹੈ। ਸਤਵਿੰਦਰ ਬੇਗੋਵਾਲੀਆ ਇੱਕ ਲੰਬੇ ਅਰਸੇ ਤੋਂ ਸਾਹਿਤ ਸਿਰਜਣਾ ਦੇ ਰਾਹ 'ਤੇ ਤੁਰਣ ਵਾਲੇ ਇੱਕ ਲੋਕਪੱਖੀ ਲੇਖਕ ਵਜੋਂ ਆਪਣੀ ਪਛਾਣ ਸਥਾਪਿਤ ਕਰਦਾ ਹੈ। ਉਹ ਕਵਿਤਾ, ਗੀਤ ਤੇ ਮਿੰਨੀ ਕਹਾਣੀ ਵਿਧਾਵਾਂ ਨਾਲ ਵੀ ਜੁੜਿਆ ਹੋਇਆ ਹੈ। ਆਪਣੇ ਮੌਲਿਕ ਨਾਟਕਾਂ ਦੀ ਲੜੀ ਵਿੱਚ ਉਹ ਆਪਣਾ ਨਵਾਂ ਪੂਰਾ ਨਾਟਕ 'ਆਰ ਕਿ ਪਾਰ' ਲੈ ਕੇ ਲੋਕ ਕਚਿਹਰੀ ਵਿੱਚ ਹਾਜ਼ਰ ਹੋਇਆ ਹੈ।

ਇਸ ਪੂਰੇ ਨਾਟਕ ਨੂੰ ਉਸ ਦ੍ਰਿਸ਼ਾਂ ਵਿੱਚ ਵੰਡਦਿਆਂ ਮੰਚ ਦੀਆਂ ਜ਼ਰੂਰਤਾਂ ਮਸਲਨ ਸਟੇਜ ਸੈਟਿੰਗ, ਰੌਸ਼ਨੀ ਪ੍ਰਬੰਧ ਤੇ ਰੰਗਮੰਚ ਦੀਆਂ ਮੁੱਢਲੀਆਂ ਲੋੜਾਂ ਦੇ ਮੱਦੇਨਜ਼ਰ ਆਪਣੇ ਨਾਟਕ ਨੂੰ ਅਜੋਕੇ ਭਖਦੇ ਮਸਲੇ ਨਾਲ ਜੁੜਦਿਆਂ ਪਾਠਕ ਨੂੰ ਗੰਭੀਰਤਾ ਨਾਲ ਸੁਚੇਤ ਕਰਦਿਆਂ ਸਾਰਥਕ ਸੁਨੇਹਾ ਦੇਣ ਦਾ ਯਤਨ ਕੀਤਾ ਹੈ ਜਿਸ ਵਿੱਚ ਉਹ ਸਫ਼ਲ ਵੀ ਰਿਹਾ ਹੈ। ਅਜੋਕੇ ਮਾਪਿਆਂ ਤੇ ਬੱਚਿਆਂ ਵਿੱਚ ਅੱਜਕੱਲ ਵਿਦੇਸ਼ ਜਾਣ ਦੀ ਇੱਛਾ ਬਹੁਤ ਪ੍ਰਬਲ ਹੈ। ਨਿਰੰਤਰ ਪਰਵਾਸ ਹੋ ਰਿਹਾ ਹੈ। ਪੰਜਾਬ ਤੇ ਦੇਸ਼ ਦੇ ਹਾਲਾਤ ਹੀ ਇਸ ਮੋੜ 'ਤੇ ਆ ਪਹੁੰਚੇ ਹਨ ਕਿ ਹਰ ਮਾਂ ਬਾਪ ਆਪਣੇ ਬੱਚੇ ਨੂੰ ਬਾਹਰ ਸੈਟਲ ਕਰਨ ਦੀ ਖਵਾਹਿਸ਼ ਰੱਖਦੇ ਹਨ। ਸਿਆਸਤਾਂ ਤੇ ਸਰਕਾਰਾਂ ਦੀ ਸੋਚ ਤੇ ਪਾਲਿਸੀਆਂ ਕਿਰਸਾਨਾਂ, ਮਜ਼ਦੂਰਾਂ ਤੇ ਨਿਮਨ ਮੱਧ ਵਰਗ ਨੂੰ ਰਾਸ ਨਹੀਂ ਆ ਰਹੀਆਂ। ਬੇਰੁਜ਼ਗਾਰੀ ਤੇ ਨਸ਼ਿਆਂ ਦਾ ਦੈਂਤ ਨੌਜਵਾਨਾਂ ਨੂੰ ਗਲਤ ਰਾਹਵਾਂ 'ਤੇ ਧਕੇਲਣ ਦਾ ਰੋਲ ਨਿਭਾਅ ਰਿਹਾ ਹੈ। ਡੇਰਾਵਾਦ ਤੇ ਅੰਧ ਵਿਸ਼ਵਾਸਾਂ ਨੂੰ ਠੱਲ ਨਹੀਂ ਪੈ ਰਹੀ।

ਨਾਟਕ ਇਹ ਕੁਝ ਦਰਸਾਉਂਦਾ ਪ੍ਰਤੀਤ ਹੀ ਨਹੀਂ ਹੋ ਰਿਹਾ। ਬਲਕਿ ਆਪਣੇ ਪਾਤਰਾਂ ਰਾਹੀਂ ਪੇਸ਼ ਵੀ ਕਰ ਰਿਹਾ ਹੈ। ਨਾਟਕ ਵਿੱਚ ਬਹੁਤ ਸਾਰੇ



ਪਾਤਰ ਹਨ, ਪਰ ਵਿਸ਼ੇਸ਼ ਰੂਪ ਵਿੱਚ ਸੁਰਜੀਤ ਸਿੰਘ (ਵਿਗਿਆਨਕ ਸੋਚ ਪਰ ਸ਼ਰਾਬੀ ਪਾਤਰ) ਤੇ ਉਸਦੀ ਅੰਧ ਵਿਸ਼ਵਾਸੀ ਪਤਨੀ ਕਮਲੇਸ਼ ਕੌਰ ਹੀ ਬਣਦੇ ਹਨ। ਪਰ ਮਿਹਰ ਸਿੰਘ, ਪ੍ਰਕਾਸ਼, ਸੁਖਦੇਵ ਸਾਗਰ (ਸਕੂਲ ਮਾਸਟਰ) ਤੇ ਫਕੀਰਾ ਪਖੰਡੀ ਵੀ ਆਪਣਾ ਕਿਰਦਾਰ ਲੈ ਕੇ ਉਭਰਦੇ ਹਨ। ਵਿਦਿਆਰਥੀ ਵਰਗ ਵਿੱਚੋਂ ਕਰਮਜੀਤ ਸਿੰਘ ਅਤੇ ਰਮਨੀਤ ਕੌਰ, ਟਰੈਵਲ ਏਜੰਟ ਸੰਧੂ ਤੇ ਠੁਣੀਆ, ਵਿਦੇਸ਼ ਜਾਣ ਵਾਲਾ ਨੌਜਵਾਨ ਜੱਗੂ, ਮੇਜਰ ਸਿੰਘ, ਜੱਸ, ਸੱਤੋ, ਹਕੀਮ ਅਤੇ ਨਾਟਕ ਕਲਾਕਾਰ ਆਪਣੀ ਭੂਮਿਕਾ ਵਿੱਚ ਪੇਸ਼-ਪੇਸ਼ ਹਨ। ਮੰਚ ਦੇ ਪਿੱਛੇ ਵੀ ਪਾਤਰ ਹਨ ਜਿਨ੍ਹਾਂ ਦੀ ਵਿਸ਼ੇਸ ਭੂਮਿਕਾ ਹੈ ਜਿਵੇਂ ਢੋਲੀ, ਝੰਡੂ, ਡਾਕਟਰ, ਸੈਕਟਰੀ--। ਨਾਟਕ ਦੇ ਦੋ ਕੁ ਡਾਇਆਲਾਗ ਨਾਲ ਹੀ ਪਾਠਕ ਇਸ ਨਾਟਕ ਦੇ ਸਬਜੈਕਟ ਦੇ ਕਰੀਬ ਹੁੰਦਾ ਨਜ਼ਰ ਆਵੇਗਾ--

ਜੱਸ- "ਅਮਰੀਕਾ ਵਿਚ ਹੀ ਵਿਆਹ ਹੋਇਆ ਸੀ, ਘਰਵਾਲੀ ਨੂੰ ਕਲੱਬਾਂ 'ਚ ਜਾਣ ਦਾ ਚਸਕਾ ਪੈ ਗਿਆ। ਮਿਹਰ ਸਿੰਘ ਸਿੱਧੇ ਰਾਹ 'ਤੇ ਚੱਲਣ ਵਾਲਾ ਬੰਦਾ, ਕਿਰਤ ਨੂੰ ਪੂਜਾ ਸਮਝਦੈ। ਦੋਹਾਂ ਮੀਆਂ-ਬੀਵੀ ਦੇ ਰਸਤੇ ਹੀ ਉਲਟ ਦਿਸ਼ਾ 'ਚ ਸਨ।"

ਸਾਗਰ-- "ਮੈਂ ਉਨ੍ਹਾਂ ਨੂੰ ਪੁਸਤਕ ਕਲਚਰ ਨਾਲ ਜੋੜਿਐ, ਬਾਬੇ ਨਾਨਕ ਨੇ ਕਿਹੈ-ਵਿੱਦਿਆ ਵਿਚਾਰੀ ਤਾਂ ਪਰਉਪਕਾਰੀ, ਭਾਵ ਜੇ ਵਿੱਦਿਆ ਨੂੰ ਵਿਚਾਰੋਗੇ ਤਾਂ ਤੁਹਾਡੇ ਲਈ ਪਰਉਪਕਾਰ, ਭਲੇ ਦਾ ਕਾਰਜ ਕਰਕੇ ਮਨੁੱਖ ਦੀ ਜ਼ਿੰਦਗੀ ਨੂੰ ਸੰਵਾਰ ਦੇਵੇਗੀ। ਵਿੱਦਿਆ ਇੱਕ ਰੌਸ਼ਨੀ ਏ ਜੋ ਅਗਿਆਨਤਾ ਰੂਪੀ ਹਨ੍ਹੇਰੇ ਨੂੰ ਖਤਮ ਕਰਦੀ ਏ।"

ਨਿਰਸੰਦੇਹ ਜੇਕਰ ਸਾਡੇ ਘਰਾਂ, ਸਕੂਲਾਂ ਤੇ ਸਮਾਜ ਵਿੱਚ ਬਦਲਾਓ ਆ ਜਾਵੇ ਤਾਂ ਉਹ ਰਾਜਨੀਤੀ ਨੂੰ ਨਵੀਂ ਦਿਸ਼ਾ ਪ੍ਰਦਾਨ ਕਰ ਸਕਦੇ ਹਨ ਅਤੇ ਇਨਕਲਾਬੀ ਸਰਕਾਰਾਂ ਦਾ ਗਠਨ ਹੋ ਸਕਦਾ ਹੈ। ਪਰ ਇਹ ਤਦੇ ਸੰਭਵ ਹੋਵੇਗਾ ਜੇਕਰ ਮਨੁੱਖ ਅੰਦਰ ਚਾਨਣ ਹੋਵੇਗਾ ਅਤੇ ਇਹ ਚਾਨਣ ਇਨਸਾਨੀਅਤ ਦੇ ਸੁਭਾਅ ਵਾਲੀ ਸਕੂਲੀ ਪੜ੍ਹਾਈ ਤੋਂ ਬਿਨਾਂ ਕਦਾਚਿਤ ਵੀ ਸੰਭਵ ਨਹੀਂ। ਨਹੀਂ ਤਾਂ ਸਿਆਸਤਾਂ ਤੇ ਸਰਕਾਰਾਂ ਲੁੱਟਦੀਆਂ ਤੇ ਕੁੱਟਦੀਆਂ ਰਹਿਣਗੀਆਂ ਅਤੇ ਸਰਮਾਏਦਾਰਾਂ ਦੇ ਮੋਟੇ ਢਿੱਡ ਹੋਰ ਮੋਟੇ ਹੁੰਦੇ ਜਾਣਗੇ। ਨਾਟਕ ਦੇ ਵਿਸ਼ੇ ਦੇ ਸਨਮੁੱਖ ਢੋਲੀ ਦੇ ਢੋਲ ਨਾਲ ਪਿੱਠ ਵਰਤੀ

ਆਵਾਜ਼ ਦਾ ਇੱਕ ਨਮੂਨਾ ਪੇਸ਼ ਹੈ--

ਰੋਟੀ ਨਹੀਂ ਖਾਣੀ
ਡਾਲਰ ਹੀ ਅਸਾਂ ਖਾਣੇ
ਢਾਰੇ ਦੀ ਬਣੀ ਕੋਠੀ
ਵਿੱਚ ਰਹਿੰਦੇ ਲੋਕ ਸਿਆਣੇ ।

ਕੁੱਲ ਮਿਲਾਕੇ ਸਤਵਿੰਦਰ ਬੇਗੋਵਾਲੀਆ ਦਾ ਇਹ ਨਾਟਕ ਵਿਸ਼ਾ ਪੱਖ ਤੇ ਤਕਨੀਕ ਅਤੇ ਚੁਸਤ ਦਰੁੱਸਤ ਨਿੱਕੇ ਵੱਡੇ ਪਾਤਰੀ-ਸੰਵਾਦ ਨਾਲ ਆਪਣਾ ਸੰਵਾਦ ਰਚਾਉਂਦਾ ਜਿੱਥੇ ਪਾਠਕ ਨੂੰ ਆਪਣੇ ਨਾਲ ਤੋਰਣ ਦੇ ਸਮਰੱਥ ਹੈ ਉਥੇ ਹੀ ਮੈਂ ਸਮਝਦਾ ਹਾਂ ਕਿ ਜੇਕਰ ਇਸ ਨੂੰ ਸੂਝਵਾਨ ਨਿਰਦੇਸ਼ਕ ਤੇ ਮੰਝੇ ਹੋਏ ਅਦਾਕਾਰ ਸਟੇਜ ਕਰਨ ਤਾਂ ਇਹ ਦਰਸ਼ਕਾਂ ਦੀਆਂ ਤਾੜੀਆਂ ਬਟੋਰਦਾ ਹੋਇਆ ਉਨ੍ਹਾਂ ਦੇ ਮਨਾਂ ਵਿੱਚ ਇੱਕ ਜੋਤ ਵੀ ਜਗਾ ਜਾਵੇਗਾ।

**-ਸੁਖਮਿੰਦਰ ਸੇਖੋਂ**

98145-07693



# ਆਰ ਕਿ ਪਾਰ

## ਪਾਤਰ, ਜੋ ਮੰਚ 'ਤੇ ਆਉਂਦੇ ਹਨ

| | | |
|---|---|---|
| ਸੁਰਜੀਤ ਸਿੰਘ | : | ਮੈਟ੍ਰਿਕ ਪਾਸ ਕਿਸਾਨ, ਵਿਗਿਆਨਕ ਸੋਚ ਪਰ ਸ਼ਰਾਬ ਪੀਣ ਦੀ ਆਦਤ |
| ਕਮਲੇਸ਼ ਕੌਰ | : | ਸੁਰਜੀਤ ਸਿੰਘ ਦੀ ਪਤਨੀ, ਅੰਧ ਵਿਸ਼ਵਾਸੀ ਔਰਤ |
| ਮਿਹਰ ਸਿੰਘ | : | ਸੁਰਜੀਤ ਸਿੰਘ ਦਾ ਵੱਡਾ ਪੁੱਤਰ |
| ਮੇਜਰ ਸਿੰਘ | : | ਸੁਰਜੀਤ ਸਿੰਘ ਦਾ ਛੋਟਾ ਪੁੱਤਰ |
| ਪ੍ਰਕਾਸ਼ ਸਿੰਘ | : | ਕਮਲੇਸ਼ ਕੌਰ ਦਾ ਵੱਡਾ ਭਰਾ |
| ਸੁਖਦੇਵ ਸਾਗਰ | : | ਸਕੂਲ ਅਧਿਆਪਕ |
| ਫਕੀਰਾ | : | ਪਖੰਡੀ ਸਾਧ |
| ਰਮਨੀਤ ਕੌਰ | : | ਬੀ.ਏ. ਦੀ ਵਿਦਿਆਰਥਣ |
| ਕਰਮਜੀਤ ਸਿੰਘ | : | ਰਮਨੀਤ ਕੌਰ ਦਾ ਜਮਾਤੀ ਅਤੇ ਪ੍ਰੇਮੀ ਵੀ |
| ਜੱਸ | : | ਮਿਹਰ ਸਿੰਘ ਦਾ ਦੋਸਤ |
| ਸੱਤੋ | : | ਸੁਰਜੀਤ ਸਿੰਘ ਦੀ ਗੁਆਂਢਣ, ਉਮਰ 40 ਸਾਲ |
| ਸੰਧੂ, ਠੁਣੀਆ | : | ਟਰੈਵਲ ਏਜੰਟ |
| ਜੱਗੂ | : | ਏਜੰਟ ਰਾਹੀਂ ਵਿਦੇਸ਼ ਜਾ ਰਿਹਾ ਨੌਜਵਾਨ |
| ਮਾਲੀ | : | ਕਾਲਜ ਦਾ ਕਰਮਚਾਰੀ |
| ਹਕੀਮ | : | ਦੇਸੀ ਦਵਾਈਆਂ ਨਾਲ ਇਲਾਜ ਕਰਨ ਵਾਲਾ |
| ਹੈਪੀ | : | ਨਗਰ ਦੇ ਹਸਪਤਾਲ 'ਚ ਅਸਿਸਟੈਂਟ |
| ਰੁਲਦੂ, ਰਾਧੀ, ਵਿਚੋਲਾ, ਲਾਟੂ, ਜੁਗਨੀ, ਸਟੇਜ ਸਕੱਤਰ | : | ਨਾਟਕ ਮੰਡਲੀ ਦੇ ਕਲਾਕਾਰ |
| ਮੰਗਣ ਵਾਲੀਆਂ ਔਰਤਾਂ | | |

## ਪਾਤਰ, ਜੋ ਮੰਚ 'ਤੇ ਨਹੀਂ ਆਉਂਦੇ

| | | |
|---|---|---|
| ਪੰਮੋ | : | ਕਮਲੇਸ਼ ਕੌਰ ਦੀ ਗੁਆਂਢਣ |
| ਸੈਕਟਰੀ | : | ਠੁਣੀਏ ਏਜੰਟ ਦਾ ਸਹਾਇਕ |
| ਮਾਈਕਲ | : | ਵਿਦੇਸ਼ੀ ਪੁਲਿਸ ਵਿੱਚ ਕਰਮਚਾਰੀ |
| ਝੰਡੂ | : | ਪੰਮੋ ਦਾ ਪਤੀ |
| ਡਾਕਟਰ | : | ਨਗਰ ਦੇ ਇਕ ਪ੍ਰਾਈਵੇਟ ਹਸਪਤਾਲ ਨੂੰ ਚਲਾਉਣ ਵਾਲਾ |
| ਢੋਲੀ | | |



## *ਦ੍ਰਿਸ਼ ਇੱਕ*

*(ਖ਼ਸਤਾ ਹਾਲਤ ਵਿੱਚ ਸੁਰਜੀਤ ਸਿੰਘ ਦੇ ਘਰ ਦਾ ਇੱਕ ਕੋਨਾ ਨਜ਼ਰ ਆਉਂਦਾ ਹੈ, ਜਿਸ ਦੇ ਵਿਹੜੇ ਵਿੱਚ 45 ਸਾਲ ਦਾ ਜੱਸ ਨਾਂ ਦਾ ਆਦਮੀ ਮੰਜੇ 'ਤੇ ਬੈਠਾ ਹੈ। ਉਸ ਦੀਆਂ ਨਜ਼ਰਾਂ ਬਾਹਰ ਵੱਲ (ਜਿਵੇਂ ਦਰਵਾਜੇ ਵੱਲ) ਲੱਗੀਆਂ ਹਨ, ਕਿਸੇ ਦਾ ਇੰਤਜ਼ਾਰ ਕਰ ਰਹੀਆਂ ਪ੍ਰਤੀਤ ਹੁੰਦੀਆਂ ਹਨ। ਗੁਆਂਢ ਵਿੱਚ ਰਹਿੰਦੀ ਇੱਕ ਔਰਤ ਸੱਤੋ (ਉਮਰ ਲਗਪਗ 40 ਸਾਲ) ਆਉਂਦੀ ਹੈ।)*

ਸੱਤੋ : ਸਾਸਰੀ ਕਾਲ ਭਾਅ ਜੀ।

ਜੱਸ : ਸਾਸਰੀ ਕਾਲ ਭੈਣ ਜੀ, ਆਓ ਬੈਠੋ ਕੁਰਸੀ 'ਤੇ। *(ਪੁਰਾਣੀ ਜਿਹੀ ਕੁਰਸੀ ਵੱਲ ਇਸ਼ਾਰਾ ਕਰਦਾ ਹੈ)*

ਸੱਤੋ : ਨਹੀਂ ਭਾਅ ਜੀ, ਮੈਂ ਖੜ੍ਹੀ ਹੀ ਠੀਕ ਹਾਂ।

ਜੱਸ : ਇਹ ਕੁਰਸੀ ਕਾਹਦੇ ਲਈ ਏ?

ਸੱਤੋ : ਤੁਸੀਂ ਮੰਜੀ 'ਤੇ ਬੈਠੇ ਹੋ। ਤੁਹਾਨੂੰ ਡਰ ਨਹੀਂ ਲੱਗਦਾ ਇਸ ਮੰਜੀ 'ਤੇ ਬੈਠਿਆਂ?

ਜੱਸ : ਡਰ...... ਕਾਹਦਾ ਡਰ?

ਸੱਤੋ : ਤੁਸੀਂ ਇਸ ਘਰ 'ਚ ਰਹੋਗੇ?

ਜੱਸ : ਜੇ ਰਹਿਣਾ ਪੈ ਹੀ ਜਾਵੇ ਇਸ ਘਰ ਵਿੱਚ, ਤਾਂ ਕੀ ਫ਼ਰਕ ਪੈਂਦੈ, ਘਰਾਂ ਜਿਹਾ ਘਰ ਹੀ ਏ।

ਸੱਤੋ : ਨਾ ਨਾ, ਘਰਾਂ ਜਿਹਾ ਘਰ ਇਹ? ਮੈਨੂੰ ਤਾਂ ਖੌਫ਼ ਜਿਹਾ ਆਉਂਦੈ ਇਸ ਘਰ ਦੇ ਕੋਲੋਂ ਲੰਘਕੇ ਵੀ।

ਜੱਸ : ਕਾਹਦਾ ਖੌਫ਼?

ਸੱਤੋ : ਜਦ ਰਹੋਗੇ, ਆਪੇ ਪਤਾ ਲੱਗ ਜੂ।

ਜੱਸ : ਕਿਵੇਂ ਦੀਆਂ ਗੱਲਾਂ ਕਰਦੇ ਹੋ ਭੈਣ ਜੀ, ਇਸ ਘਰ 'ਚ ਕੋਈ ਭੂਤ ਰਹਿੰਦਾ ਏ?

ਸੱਤੋ : ਹਾਂ, ਭੂਤ ਵੀ, ਪ੍ਰੇਤ ਵੀ।

ਜੱਸ : ਤੁਸੀਂ ਵੇਖਿਆ ਕੋਈ?

ਸੱਤੋ : ਨਹੀਂ, ਪਰ ਸਾਰੇ ਲੋਕ ਕਹਿੰਦੇ ਨੇ। ਇਸ ਘਰ 'ਚ ਚੌਵੀ ਘੰਟੇ ਭੂਤਾਂ ਦਾ ਪਹਿਰਾ ਰਹਿੰਦੈ। ਸਰਾਪੀਆਂ ਰੂਹਾਂ ਦਾ ਵਾਸਾ ਏ ਇਸ ਘਰ 'ਚ। ਜਿਹੜਾ ਬੰਦਾ ਲੰਘਦਾ ਲੰਘਦਾ ਇਸ ਘਰ ਵੱਲ ਤੱਕ ਲੈਂਦੈ, ਉਹੀ ਬਿਮਾਰ ਹੋ ਕੇ ਮੰਜੇ 'ਤੇ ਪੈ ਜਾਂਦੈ, ਪੱਕਾ ਈ। ਤੁਸੀਂ ਭੁੱਲ ਕੇ ਵੀ ਇਥੇ ਰਹਿਣ ਦਾ ਮਨ ਨਾ ਬਣਾਇਉ, ਨਹੀਂ ਤਾਂ....

ਜੱਸ : ਨਹੀਂ ਤਾਂ ਕੀ ਹੋਵੇਗਾ?

ਸੱਤੋ : *(ਘਬਰਾ ਕੇ)* ਪਤਾ ਨਹੀਂ.... ਕੀ ਕੀ ਹੋਵੇਗਾ... ਬਰਬਾਦੀ, ਬਿਮਾਰੀ, ਮੁਸੀਬਤਾਂ..... ਕੁਝ ਵੀ ਚੰਗਾ ਨਹੀਂ ਹੋਵੇਗਾ।

ਜੱਸ : ਤੁਸੀਂ ਵੀ ਤਾਂ ਅੰਦਰ ਆਏ ਹੀ ਹੋ। ਤੁਹਾਨੂੰ ਕੀ ਹੋਇਆ?

ਸੱਤੋ : ਮੈਂ ਤਾਂ ਆਈ ਹਾਂ ਡਰਦੀ ਡਰਦੀ.... ਤੁਹਾਨੂੰ ਖ਼ਬਰਦਾਰ ਕਰਨ ਲਈ ਕਿ ਇੱਥੇ ਨਾ ਰਹਿਣਾ। ਤਿੰਨ ਚਾਰ ਦਿਨ ਤੋਂ ਤੁਸੀਂ ਇਸ ਘਰ ਦੀ ਮੁਰੰਮਤ ਕਰਵਾ ਰਹੇ ਹੋ।

ਜੱਸ : ਇਸ ਘਰ ਦਾ ਮੂੰਹ ਮੱਥਾ ਸੰਵਾਰਨ ਵਾਲਿਆਂ ਨੂੰ ਕੁਝ ਨਹੀਂ ਹੋਇਆ?

ਸੱਤੋ : ਉਹ ਤਾਂ ਬਾਹਰ ਦੇ ਬੰਦੇ ਸੀ। ਮਿਸਤਰੀ, ਪੇਂਟਰ ਵਗੈਰਾ ਜਿਹਨਾਂ ਪੇਂਟ ਕਰਕੇ ਇਸ ਘਰ ਨੂੰ ਮਾੜਾ ਮੋਟਾ ਚਮਕਾ ਦਿੱਤੈ।

ਜੱਸ : ਉਹਨਾਂ ਨੂੰ ਕੋਈ ਭੂਤ ਨਹੀਂ ਪਿਆ। ਤੁਸੀਂ ਕੁਰਸੀ 'ਤੇ ਨਹੀਂ ਬੈਠੇ। ਕੁਰਸੀ ਵਿੱਚ ਕੋਈ ਭੂਤ ਆ ਗਿਐ। ਮੈਂ ਬੈਠਦਾ ਹਾਂ *(ਉਠ ਕੇ ਕੁਰਸੀ 'ਤੇ ਬੈਠ ਜਾਂਦਾ ਹੈ)* ਤੁਸੀਂ ਮੰਜੀ 'ਤੇ ਬੈਠ ਜਾਓ।

ਸੱਤੋ : *(ਡਰਦੀ ਡਰਦੀ)* ਮੈਂ? *(ਡਰਦੀ ਡਰਦੀ ਬੈਠ ਜਾਂਦੀ ਹੈ)*

ਜੱਸ : ਮੈਂ ਦਸਦਾਂ ਅਸਲੀ ਭੂਤ। ਜੋ ਮਰ ਗਏ, ਉਹ ਗਏ ਪੱਕੇ ਹੀ ਰੱਬ ਕੋਲ। ਉਹ ਨਹੀਂ ਵਾਪਸ ਆਉਣੇ। ਪਿੱਛੇ ਰਹਿ ਗਏ ਦੋ ਲੱਤਾਂ ਵਾਲੇ ਜਾਨਵਰ। ਇਹਨਾਂ ਵਿੱਚ ਭੂਤ ਵੀ ਹੈਗੇ ਨੇ।

ਸੱਤੋ : ਦੋ ਲੱਤਾਂ ਵਾਲੇ ਜਾਨਵਰ?

ਜੱਸ : ਇਹੋ ਲੋਕ... ਬੰਦੇ ਦੀਆਂ ਦੋ ਹੀ ਲੱਤਾਂ ਨੇ। ਇਸ ਤੋਂ ਵੱਡਾ ਹੋਰ ਕੋਈ ਭੂਤ ਨਹੀਂ।



ਸੱਤੋ : ਬੰਦਾ ਕੋਈ ਭੂਤ ਹੋ ਗਿਐ?

ਜੱਸ : ਲਾਲਚ ਨੇ, ਸਵਾਰਥ ਨੇ, ਪੈਸੇ ਦੇ ਮੋਹ ਨੇ ਬੰਦੇ ਨੂੰ ਬੰਦਾ ਰਹਿਣ ਹੀ ਨਹੀਂ ਦਿੱਤਾ। ਬੰਦਾ ਜ਼ੋਰਾਵਰ ਹੋ ਕੇ ਮਾੜੇ ਲੋਕਾਂ ਨੂੰ ਹੱਥਾਂ 'ਤੇ ਨਚਾਉਂਦੈ, ਆਪ ਰੱਜ ਕੇ ਰੋਟੀ ਖਾਂਦੈ। ਆਪਣਿਆਂ ਨੂੰ ਦਾਅ ਲਾਉਂਦੈ, ਪੈਸੇ ਪਿੱਛੇ ਝੂਠੀਆਂ ਸਹੁੰਆਂ ਖਾਂਦੈ, ਬੇਈਮਾਨੀ ਦੀ ਜੀਂਦੀ ਜਾਗਦੀ ਸ਼ਾਖਸਾਤ ਤਸਵੀਰ ਬਣ ਜਾਂਦੈ। ਕੀ ਉਹ ਭੂਤ ਨਹੀਂ?

ਸੱਤੋ : ਨਵੀਆਂ ਜਿਹੀਆਂ ਗੱਲਾਂ ਨੇ.... ਪਰ ਲਗਦੀਆਂ ਠੀਕ ਨੇ। ਬੰਦਾ ਧਰਮੀ ਨਹੀਂ ਰਿਹਾ।

ਜੱਸ : ਪਰ ਇਸ ਘਰ ਵਿੱਚ ਹੁਣ ਜੋ ਬੰਦਾ ਆ ਰਿਹੈ, ਉਹ ਪੂਰਾ ਧਰਮੀ ਏ, ਇਮਾਨਦਾਰ ਏ, ਸੱਚਾ ਸੁੱਚਾ ਕਿਰਤੀ ਏ। ਉਹ ਨੇਕ ਇਨਸਾਨ ਆ ਰਿਹੈ, ਇਸ ਧਰਤੀ ਨੂੰ ਭਾਗ ਲੱਗ ਜਾਣਗੇ।

ਸੱਤੋ : ਕੌਣ ਆ ਰਿਹਾ?

ਜੱਸ : ਇਸ ਘਰ ਦਾ ਵਾਰਸ ਮਿਹਰ ਸਿੰਘ। ਇਸ ਘਰ ਦੇ ਮਾਲਕ ਸੁਰਜੀਤ ਸਿੰਘ ਅਤੇ ਕਮਲੇਸ਼ ਕੌਰ ਦਾ ਵੱਡਾ ਪੁੱਤਰ, ਇਸ ਪਰਿਵਾਰ ਦੀ ਇੱਕੋ ਇੱਕ ਨਿਸ਼ਾਨੀ ਬਚੀ ਏ। ਉਹ ਬੰਦਾ ਨਹੀਂ, ਹੀਰਾ ਏ ਹੀਰਾ ਮੇਰਾ ਦੋਸਤ।

ਸੱਤੋ : ਤੁਹਾਡਾ ਦੋਸਤ.... ਕਿੱਥੋਂ ਆ ਰਿਹੈ?

ਜੱਸ : ਅਮਰੀਕਾ ਤੋਂ।

ਸੱਤੋ : *(ਹੈਰਾਨੀ ਵਿੱਚ)* ਅਮਰੀਕਾ ਤੋਂ?

ਜੱਸ : ਹਾਂ, ਉਹ ਇਕੱਲਾ ਹੀ ਆ ਰਿਹੈ। ਮੇਰੇ ਬਚਪਨ ਦਾ ਗੂਹੜਾ ਯਾਰ, ਨੌਂਵੀਂ ਜਮਾਤ ਤੱਕ ਅਸੀਂ ਕੱਠੇ ਪੜ੍ਹਦੇ ਰਹੇ। ਸਕੂਲ ਦਾ ਕੰਮ ਇਸੇ ਘਰ ਵਿੱਚ ਬਹਿ ਕੇ ਨਿਬੇੜਦੇ। ਪੇਪਰਾਂ ਦੇ ਦਿਨਾਂ ਵਿੱਚ ਰਾਤ ਨੂੰ ਮੈਂ ਇਸੇ ਘਰ 'ਚ ਹੀ ਰਹਿੰਦਾ। ਇਸ ਘਰ ਵਿੱਚ ਰੌਣਕਾਂ ਹੀ ਰੌਣਕਾਂ ਸਨ ਪਰ ਹੁਣ ਮਿਹਰ ਸਿੰਘ ਇਕੱਲਾ ਹੀ....*(ਉਦਾਸ ਹੋ ਜਾਂਦਾ ਹੈ)*

ਸੱਤੋ : ਮਿਹਰ ਸਿੰਘ ਦੀ ਫੈਮਿਲੀ?

ਜੱਸ : ਅਮਰੀਕਾ ਵਿੱਚ ਹੀ ਵਿਆਹ ਹੋਇਆ ਸੀ, ਘਰ ਵਾਲੀ ਨੂੰ ਕਲੱਬਾਂ 'ਚ ਜਾਣ ਦਾ ਚਸਕਾ ਪੈ ਗਿਆ। ਮਿਹਰ ਸਿੰਘ ਸਿੱਧੇ ਰਾਹ 'ਤੇ ਚੱਲਣ ਵਾਲਾ ਬੰਦਾ, ਕਿਰਤ ਨੂੰ

ਪੂਜਾ ਸਮਝਦੈ। ਦੋਹਾਂ ਮੀਆਂ ਬੀਵੀ ਦੇ ਰਸਤੇ ਹੀ ਉਲਟ ਦਿਸ਼ਾ ’ਚ ਸਨ....

ਸੱਤੋ : *(ਉਤਸੁਕਤਾ ਵਿੱਚ)* ਫਿਰ ਕੀ ਹੋਇਆ?

ਜੱਸ : ਤਲਾਕ..... ਇਸ ਤੋਂ ਬਿਨਾਂ ਚਾਰਾ ਵੀ ਕੀ ਸੀ।

ਸੱਤੋ : ਉਹਨਾਂ ਘਰ ਕੋਈ ਬੱਚੇ?

ਜੱਸ : ਦੋ ਪੁੱਤਰ ਨੇ, ਗੱਭਰੂ ਹੋ ਗਏ। ਉਹਨਾਂ ਨੂੰ ਪੈਰਾਂ ’ਤੇ ਖੜ੍ਹਾ ਕਰਨ ਬਾਅਦ ਹੀ ਮਿਹਰ ਸਿੰਘ ਪਰਤ ਰਿਹੈ।

ਸੱਤੋ : ਹੁਣ ਉਹ ਇਸ ਪੁਰਾਣੇ ਟੁੱਟੇ ਜਿਹੇ ਘਰ ’ਚ ਰਹੇਗਾ?

ਜੱਸ : ਨਹੀਂ, ਘਰ ਦੇ ਨਾਲ ਲਗਦੇ ਪਲਾਟ ’ਚ ਕੋਠੀ ਬਣਾਏਗਾ. ਇਸ ਘਰ ਨੂੰ ਢਾਹੇਗਾ ਨਹੀਂ। ਇਹਦੀ ਮੁਰੰਮਤ ਕਰਵਾ ਕੇ ਪਰਿਵਾਰ ਦੀ ਨਿਸ਼ਾਨੀ ਬਚਾ ਕੇ ਰੱਖੇਗਾ, ਉਹਨੇ ਮੈਨੂੰ ਫੂਨ ਤੇ ਕਿਹੈ ਕਿ ਘਰ ਚਲਾਉਣ ਲਈ ਕੋਈ ਔਰਤ ਤਾਂ ਚਾਹੀਦੀ ਏ।

ਸੱਤੋ : ਇਹ ਗੱਲ ਸੋਲਾਂ ਆਨੇ ਸੱਚ ਏ। *(ਉਸਦੇ ਚਿਹਰੇ ’ਤੇ ਮੁਸਕਰਾਹਟ ਫੈਲ ਜਾਂਦੀ ਹੈ)*

ਜੱਸ : ਤੁਹਾਡੀ ਨਿਗਾਹ ’ਚ ਹੈ ਕੋਈ?
*(ਸੱਤੋ ਦੇ ਚਿਹਰੇ ਦੀ ਮੁਸਕਰਾਹਟ ਨੂੰ ਸਮਝਣ ਦੀ ਕੋਸ਼ਿਸ ਕਰਦਾ ਹੈ)*
ਤੁਹਾਡੇ ਪਰਿਵਾਰ ’ਚ ਕੌਣ-ਕੌਣ ਏ?

ਸੱਤੋ : ਮੈਂ ਤੇ ਮੇਰੀ ਜਵਾਨ ਧੀ।

ਜੱਸ : ਤੁਹਾਡਾ ਪਤੀ?

ਸੱਤੋ : ਨਹੀਂ ਰਿਹੈ। ਐਕਸੀਡੈਂਟ ਵਿਚ ਉਸਦੀ ਮੌਤ ਹੋ ਗਈ। ਪਰ.... ਰੱਬ ਜੋ ਕਰਦੈ ਚੰਗਾ ਸੋਚਕੇ ਹੀ ਕਰਦੈ।

ਜੱਸ : ਮੈਂ ਸਮਝਿਆ ਨਹੀਂ?

ਸੱਤੋ : ਬੜਾ ਗੁੱਸੇਖੋਰ ਸੀ, ਜੇ ਮੈਂ ਕਿਸੇ ਵੱਲ ਅੱਖ ਵੀ ਕਰਦੀ ਤਾਂ ਸੋਟੇ ਨਾਲ ਫੰਡ ਦਿੰਦਾ ਸੀ ਕਸਾਈ। ਇਸ ਉਮਰੇ ਕੋਈ ਆਸਰਾ ਤਾਂ ਚਾਹੀਦੈ.... ਚਾਲੀ ਟੱਪ ਗਈ ਹਾਂ।

ਜੱਸ : ਪਰ ਤੁਹਾਡੇ ਚਿਹਰੇ ’ਤੇ ਨੂਰ ਕਮਾਲ ਦਾ ਏ। ਮੇਰਾ ਦੋਸਤ ਤੁਹਾਨੂੰ ਜ਼ਰੂਰ ਪਸੰਦ ਕਰ ਲਵੇਗਾ। ਪਰ ਤੁਹਾਡੇ ਵੀ ਤਾਂ ਪਸੰਦ ਹੋਣਾ ਚਾਹੀਦੈ।

ਸੱਤੋ : ਪਸੰਦ ਹੀ ਸਮਝੋ।

ਜੱਸ : ਤੁਹਾਨੂੰ ਫੋਟੋ ਵਿਖਾਉਂਦਾ ਹਾਂ ਮੋਬਾਇਲ ’ਤੇ।



ਸੱਤੋ : ਰਹਿਣ ਦਿਓ, ਅਗਲਾ ਅਮਰੀਕਾ ਤੋਂ ਆ ਰਿਹੈ।

ਜੱਸ : *(ਮੋਬਾਇਲ ਤੋਂ ਫੋਟੋ ਵਿਖਾਉਂਦਾ ਹੋਇਆ)* ਆਹ ਵੇਖੋ ਜ਼ਰਾ ਮੇਰੇ ਯਾਰ ਦੀ ਤਸਵੀਰ।

ਸੱਤੋ : *(ਵੇਖਣ ਬਾਅਦ ਖੁਸ਼ੀ ਵਿੱਚ)* ਰੱਜ ਕੇ ਸੋਹਣਾ ਏ। ਤੁਸੀਂ ਕਰਵਾ ਦਿਓ ਮੇਲ। ਤੁਹਾਡਾ ਅਹਿਸਾਨ ਆਖਰੀ ਸਾਹਾਂ ਤੱਕ ਨਹੀਂ ਭੁੱਲਾਂਗੀ।

ਜੱਸ : ਇੱਕ ਸ਼ਰਤ ਏ।

ਸੱਤੋ : ਉਹ ਕਿਹੜੀ?

ਜੱਸ : ਆਪਣੇ ਆਪ ਨੂੰ ਵਫ਼ਾਦਾਰ ਪਤਨੀ ਸਾਬਿਤ ਕਰਨਾ ਪਵੇਗਾ।

ਸੱਤੋ : ਉਹਦੇ ਹੁਕਮ ਦੀ ਗੁਲਾਮ ਹੋਵਾਂਗੀ।

ਜੱਸ : ਉਹਦੀ ਮੁਰੱਬਾ ਪੈਲੀ ਏ। ਉਹਦੇ ਲਈ ਕਦੇ ਕਦੇ ਰੋਟੀ ਪਕਾ ਕੇ ਖੇਤਾਂ ’ਚ ਜਾਣਾ ਪਿਆ ਕਰੇਗਾ।

ਸੱਤੋ : *(ਹੈਰਾਨੀ ਭਰੀ ਖੁਸ਼ੀ ਵਿੱਚ)* ਮੁਰੱਬਾ ਪੈਲੀ? ਧੰਨ ਭਾਗ ਹੋਣਗੇ ਸਾਡੇ। ਖੇਤਾਂ ਦੀ ਮਿੱਟੀ ਮੱਥੇ ਨੂੰ ਲਾਇਆ ਕਰਾਂਗੀ। ਤੁਹਾਡੇ ਦੋਸਤ ਦਾ ਹਰ ਕੰਮ ’ਚ ਪੂਰਾ ਸਾਥ ਦਿਆਂਗੀ। ਪਰ.... ਮੇਰੀ ਬੇਟੀ ਨੂੰ ਬੇਟੀ ਸਮਝ ਲਵੇ।

ਜੱਸ : ਚਿੰਤਾ ਨਾ ਕਰਿਓ, ਕੋਈ ਸ਼ਿਕਾਇਤ ਨਹੀਂ ਆਵੇਗੀ।

ਸੱਤੋ : ਉਹ ਅੱਜ ਹੀ ਆਉਣਗੇ?

ਜੱਸ : ਹਾਂ, ਅੱਜ ਸ਼ਾਮ ਨੂੰ। ਅਜੇ ਚਾਰ ਪੰਜ ਘੰਟੇ ਮੈਨੂੰ ਉਹਦੇ ਰਾਹ ਵੱਲ ਵੇਖਣਾ ਪਵੇਗਾ। ਹੋ ਸਕਦੈ ਸ਼ਾਮ ਨੂੰ ਤੁਹਾਡੇ ਨਾਲ ਮੁਲਾਕਾਤ ਕਰਵਾ ਦਿਆਂ।

ਸੱਤੋ : ਫਿਰ ਮੈਂ ਬਿਊਟੀ ਪਾਰਲਰ ਤੋਂ ਹੋ ਆਵਾਂ? ਬਣ ਠਣ ਕੇ ਸਾਹਮਣੇ ਆਉਣਾ ਚਾਹੀਦਾ ਏ ਨਾ?

ਜੱਸ : ਨਹੀਂ ਭੈਣ ਜੀ, ਤੁਹਾਡਾ ਚਿਹਰਾ ਬਹੁਤ ਸੁੰਦਰ ਏ। ਮੇਰਾ ਯਾਰ ਬਨਾਉਟੀ ਸੁੰਦਰਤਾ ਨੂੰ ਚੰਗਾ ਨਹੀਂ ਸਮਝਦਾ। ਉਹ ਕੁਦਰਤੀ ਸੁੰਦਰਤਾ ਦੀ ਕਦਰ ਕਰਦਾ ਏ। ਆਪਣਾ ਮੋਬਾਇਲ ਇਧਰ ਕਰੋ, ਸਾਨੂੰ ਇੱਕ ਦੂਜੇ ਦੇ ਨੰਬਰਾਂ ਦਾ ਪਤਾ ਲੱਗ ਜਾਵੇਗਾ। ਸ਼ਾਮ ਨੂੰ ਬੁਲਾ ਲਵਾਂਗਾ।

ਸੱਤੋ : ਜ਼ਰੂਰ ਜ਼ਰੂਰ।

ਜੱਸ : *(ਹੱਸਦਾ ਹੋਇਆ)* ਹੁਣ ਇਸ ਘਰ ’ਚ ਭੂਤ ਤਾਂ ਨਜ਼ਰ ਨਹੀਂ ਆਉਂਦੇ?

ਸੱਤੋ : ਦੇਵਤਾ ਆ ਰਿਹੈ, ਭੂਤ ਭੱਜ ਗਏ।

*(ਦੋਵੇਂ ਹੱਸਦੇ ਹਨ)*

ਜੱਸ : ਪਰ ਇੱਥੇ ਰਹਿ ਚੁੱਕੇ ਭੂਤਾਂ ਦੀ ਕਹਾਣੀ ਮੈਨੂੰ ਬਿਆਨ ਕਰਨੀ ਪਵੇਗੀ।

ਸੱਤੋ : ਪਰ ਉਹ ਕਿਉਂ?

ਜੱਸ : ਤਾਂ ਕਿ ਫਿਰ ਕਦੇ ਇਸ ਘਰ 'ਚ ਕੋਈ ਭੂਤ ਨਜ਼ਰ ਨਾ ਆਏ। ਮੇਰੇ ਯਾਰ ਤੇ ਭੂਤਾਂ ਦਾ ਸਾਇਆ ਨਾ ਆਏ, ਨਾਲ ਦੀ ਨਾਲ ਤੁਹਾਡੇ ਤੇ ਵੀ। ਸੁਣੋਗੇ?

ਸੱਤੋ : ਹਾਂ ਮੈਂ ਸੁਣਾਂਗੀ।

ਜੱਸ : ਮੈਂ ਇੱਕੋ ਇੱਕ ਚਸ਼ਮਦੀਦ ਗਵਾਹ ਹਾਂ ਇਸ ਘਰ 'ਚ ਵਾਪਰੀ ਹਰ ਘਟਨਾ ਦਾ। ਕਿਵੇਂ ਇਹ ਘਰ ਸਵਰਗ ਤੋਂ ਨਰਕ ਬਣ ਗਿਆ।



## *ਦ੍ਰਿਸ਼ ਦੋ*

*(ਸੁਰਜੀਤ ਸਿੰਘ ਦੇ ਘਰ ਦਾ ਵਿਹੜਾ, ਦੋ ਮੰਜੀਆਂ ਡਾਹੀਆਂ ਹੋਈਆਂ ਵਿਖਾਈ ਦਿੰਦੀਆਂ ਹਨ। ਇੱਕ ਮੰਜੇ 'ਤੇ ਸੁਰਜੀਤ ਸਿੰਘ ਦੀ ਪਤਨੀ ਕਮਲੇਸ਼ ਕੌਰ ਬੈਠੀ ਹੈ। ਸੋਚਾਂ ਵਿੱਚ ਡੁੱਬੀ ਹੋਈ ਪਿਆਜ ਕੱਟ ਰਹੀ ਹੈ, ਦੁਪਹਿਰ ਦੀ ਰੋਟੀ ਦਾ ਆਹਰ ਪਾਹਰ ਕਰਨ ਵਿੱਚ ਲੱਗੀ ਹੈ। ਖੇਤਾਂ ਵਿੱਚੋਂ ਸੁਰਜੀਤ ਸਿੰਘ ਘਰ ਪਰਤਦਾ ਹੈ।)*

ਸੁਰਜੀਤ : ਅਜੇ ਰੋਟੀ ਨਹੀਂ ਪੱਕੀ, ਦਿਨ ਢਲ ਗਿਆ ਏ।

ਕਮਲੇਸ਼ : ਦਿਨ ਦਾ ਕੀ, ਰੋਜ਼ ਇਵੇਂ ਚੜ੍ਹਦਾ ਏ, ਇਵੇਂ ਢਲ ਜਾਂਦਾ ਏ। ਜ਼ਿੰਦਗੀ ਦਾ ਇਵੇਂ ਭੋਗ ਪੈ ਜਾਂਦੈ।

ਸੁਰਜੀਤ : *(ਅਣਸੁਣੀ ਕਰਦਾ ਹੋਇਆ)* ਉਪਰੋਂ ਦੋ,ਢਾਈ ਵੱਜ ਗੇ, ਬੰਦਾ ਟਾਈਮ ਸਿਰ ਰੋਟੀ ਨਾ ਖਾਏਗਾ, ਕੰਮ ਸਵਾਹ ਕਰੇਗਾ।

ਕਮਲੇਸ਼ : ਰੋਟੀ ਹੀ ਬਣਾਉਣੀ ਪਈ ਹਾਂ, ਹੱਥ 'ਤੇ ਹੱਥ ਧਰ ਕੇ ਤਾਂ ਨਹੀਂ ਬੈਠੀ। ਸਵੇਰੇ ਘਰੋਂ ਖਾ ਕੇ ਗਿਆ ਸੀ ਚਾਰ ਪਰਾਉਂਠੇ ਆਲੂਆਂ ਵਾਲੇ, ਫਿਰ ਭੁੱਖ ਲੱਗ ਗਈ?

ਸੁਰਜੀਤ : ਤੈਨੂੰ ਪੈਲੀਆਂ ਦੇ ਕੰਮਾਂ ਦਾ ਨਹੀਂ ਪਤਾ, ਕਿੰਨਾ ਜ਼ੋਰ ਲੱਗਦਾ ਏ ਝੋਟੇ ਜਿੰਨਾ। ਛੇ ਘੰਟੇ ਮਿੱਟੀ ਨਾਲ ਮਿੱਟੀ ਹੋਇਆ ਰਿਹਾ ਤਾਂ ਸਰੀਰ ਮੰਗੇਗਾ ਨਾ ਕੁੱਝ। ਤੇਲ ਬਿਨਾਂ ਇੰਜਣ ਕਿਵੇਂ ਚੱਲੇਗਾ।

ਕਮਲੇਸ਼ : ਸਾਰਾ ਦਿਨ ਖਾਣ ਤੋਂ ਬਿਨਾਂ ਕੰਮ ਕਿਹੜਾ ਰਹਿ ਗਿਆ। ਸ਼ਾਮਾਂ ਪੈਂਦੀਆਂ ਨੇ ਬੋਤਲ ਖੋਹਲ ਕੇ ਬਹਿ ਜਾਂਦੈ।

ਸੁਰਜੀਤ : ਆਪਣੇ ਘਰ ਹੀ ਬਹਿੰਦਾ ਹਾਂ। ਸੋਲਾਂ ਕਿਲੇ ਪੈਲੀ ਸੰਭਾਲਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਜ਼ਿਆਦਾ ਗੱਲਾਂ ਨਾ ਬਣਾ ਤੇ ਰੋਟੀ ਪਕਾ ਮਿੰਟੋ ਮਿੰਟੀ।

ਕਮਲੇਸ਼ : ਨਾ ਮਸ਼ੀਨ ਬਣ ਜਾਂ।

ਸੁਰਜੀਤ : ਰੋਟੀ ਹੀ ਪਕਾਉਣੀ ਏ, ਮਸ਼ੀਨ ਬਣਨ ਦੀ ਕੀ ਗੱਲ

ਹੋਈ। ਗੁਆਂਢੀਆਂ ਤੋਂ ਗੀਤ ਸੁਣ ਆਈ-ਨੀਂ ਮੈਂ ਹੋ ਜਾਂ ਸਾਧਣੀ, ਬਹਿ ਜਾਂ ਕਿਸੇ ਸਾਧ ਦੇ ਡੇਰੇ।

ਕਮਲੇਸ਼ : ਕੀ ਮਾੜਾ ਏ ਗੀਤ ਵਿੱਚ?

ਸੁਰਜੀਤ : ਘਰ ਉਜਾੜਦੇ ਨੇ ਇਵੇਂ ਦੇ ਗੀਤ। ਮਿਹਰ ਤੇ ਮੇਜਰ ਸਕੂਲੋਂ ਆਉਣ ਵਾਲੇ ਨੇ, ਤੂੰ ਬੰਦਾ ਬਣ ਕੇ ਹੱਥ ਹਿਲਾ ਤੇ ਰੋਟੀ ਪਕਾ।

ਕਮਲੇਸ਼ : *(ਗੱਲ ਬਦਲਦੀ ਹੋਈ)* ਮਿਹਰ ਦਾ ਸੋਚਿਆ ਕੁੱਛ?

ਸੁਰਜੀਤ : ਨਿਆਣਿਆਂ ਵਾਸਤੇ ਹੀ ਕਰਨੇ ਪਏ ਹਾਂ। ਪੜਨੇ ਪਾਇਐ, ਜਿੰਨਾ ਮਰਜ਼ੀ ਪੜਨ। ਚੰਗਾ ਖਾਣ, ਵਧੀਆ ਪਾਉਣ। ਕਿਸ ਗੱਲ ਦਾ ਘਾਟਾ ਏ ਇੱਥੇ।

ਕਮਲੇਸ਼ : ਸਾਰੀ ਉਮਰ ਸਰਫ਼ੇ ਵਿੱਚ ਹੀ ਕੱਟਣਗੇ। ਲੋਕਾਂ ਦੇ ਨਿਆਣੇ ਬਾਹਰਲੇ ਮੁਲਕਾਂ ਨੂੰ ਜਾਂਦੇ ਪਏ ਨੇ, ਵੇਖਦੇ ਵੇਖਦੇ ਲੱਖਾਂ ਵਿੱਚ ਖੇਡਣ ਲੱਗ ਪੈਂਦੇ ਨੇ। ਅਸੀਂ ਨਹੀਂ ਸੋਚਣਾ ਆਪਣੇ ਬੱਚਿਆਂ ਦਾ।

ਸੁਰਜੀਤ : ਬੱਚੇ ਅਜੇ ਛੋਟੇ ਨੇ। ਪੜ੍ਹਨ ਦੀ ਤੇ ਖੇਡਣ ਦੀ ਉਮਰ ਏ ਉਹਨਾਂ ਦੀ। ਪੜ੍ਹ ਲਿਖ ਕੇ ਸਿਆਣੇ ਹੋ ਗਏ, ਫਿਰ ਉਹਨਾਂ ਨੂੰ ਪਰਵਾਹ ਨਹੀਂ ਕਿਸੇ ਗੱਲ ਦੀ।

ਕਮਲੇਸ਼ : ਕੀ ਕੱਢਣਗੇ ਇਹਨਾਂ ਕਿਤਾਬਾਂ 'ਚੋਂ? ਪੰਮੋ ਦਾ ਮੁੰਡਾ ਪੰਜਵੀਂ ਫੇਲ੍ਹ ਅਮਰੀਕਾ ਅੱਪੜ ਗਿਐ। ਮੈਨੂੰ ਪਤਾ ਲੱਗੈ ਉਹਨੇ ਘਰ ਪੈਸੇ ਵੀ ਭੇਜ ਦਿੱਤੇ ਨੇ। ਉਹਨਾਂ ਦੀਆਂ ਤਾਂ ਪੰਜੇ ਉਂਗਲਾਂ ਘਿਉ ਵਿੱਚ ਨੇ। *(ਰੋਣਹਾਕੀ ਹੋ ਜਾਂਦੀ ਹੈ)*

ਸੁਰਜੀਤ : ਕਿਸੇ ਵੱਲ ਵੇਖ ਕੇ ਸੜੀਦਾ ਨਹੀਂ। ਮਾਇਆ ਦਾ ਚੱਕਰ ਏ, ਕਿਸੇ ਕੋਲ ਵੱਧ ਆ ਗਈ, ਕਿਸੇ ਕੋਲ ਘੱਟ। ਸਾਡੇ ਪਾਸ ਇੰਨੀ ਕੁ ਮਾਇਆ ਜ਼ਰੂਰ ਏ ਕਿ ਜਿੰਨੀ ਸਾਨੂੰ ਚਾਹੀਦੀ ਏ।

*(ਗੁਆਂਢ ਵਿੱਚੋਂ ਢੋਲ ਦੇ ਵੱਜਣ ਦੀ ਆਵਾਜ਼ ਆਉਂਦੀ ਹੈ)*

ਕਮਲੇਸ਼ : *(ਘਬਰਾਹਟ ਵਿੱਚ)* ਪੰਮੋ ਦੇ ਘਰ ਢੋਲ ਵੱਜਣ ਲੱਗ ਪਿਐ। ਸੁਣਿਐ?

ਸੁਰਜੀਤ : ਸੁਣ ਲਿਐ, ਵਧੀਆ ਵਜਾ ਰਿਹਾ ਢੋਲੀ।



ਕਮਲੇਸ਼ : ਢੋਲ ਦੀ ਵਾਜ ਮੇਰੇ ਕਾਲਜੇ 'ਤੇ ਸਿੱਧੀ ਵੱਜਦੀ ਪਈ ਏ। ਤੈਨੂੰ ਵਧੀਆ ਜਾਪਦੈ। ਮੈਂ ਕੀ ਕਰਾਂ ਰੱਬਾ.....

ਸੁਰਜੀਤ : ਤੂੰ ਜਾ ਕੇ ਘੜੀ ਨੱਚ ਲੈ ਢੋਲ 'ਤੇ, ਤੇਰਾ ਚਿੱਤ ਖਿੜ ਜਾਏਗਾ ਘੜੀ।

ਕਮਲੇਸ਼ : ਮੇਰੀ ਨੱਚਦੀ ਏ ਉਥੇ ਜੁੱਤੀ। ਨਿਆਣੇ ਆਉਣ ਵਾਲੇ ਨੇ ਸਕੂਲੋਂ। ਉਹਨਾਂ ਨੂੰ ਰੋਟੀ ਪਾ ਦੇਵੀਂ, ਮੈਂ ਘੜੀ ਮੰਜੇ 'ਤੇ ਪੈ ਜਾਵਾਂ ਖੌਰੇ ਅੱਖ ਲੱਗ ਜਾਏ ਜਰਾ। *(ਕਮਲੇਸ਼ ਚਲੀ ਜਾਂਦੀ ਹੈ, ਗੁਆਂਢ ਵਿੱਚ ਢੋਲ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਕੁਝ ਆਵਾਜ਼ਾਂ ਲਲਕਾਰੇ ਮਾਰਨ ਦੀਆਂ ਵੀ ਹਨ)*

ਢੋਲੀ ਦੀ ਆਵਾਜ਼ : ਮਾਈਕ ਦਿਓ, ਬੋਲੀ ਪਾਵਾਂ
ਬਾਰ੍ਹੀਂ ਬਰਸੀ ਖੱਟਣ ਨੂੰ ਘੱਲਿਆ
ਖੱਟ ਕੇ ਲਿਆਂਦਾ ਢੋਲ
ਪੰਮੋ ਹੋ ਗਈ ਸ਼ਾਹਣੀ
ਤੇ ਦੁਨੀਆਂ ਗਈ ਹੈ ਡੋਲ।
*(ਕਮਲੇਸ਼ ਬਾਹਰ ਆਉਂਦੀ ਹੈ)*

ਕਮਲੇਸ਼ : ਪੰਮੋ ਸ਼ਾਹਣੀ! ਨੰਗ ਕੁੱਤੀ, ਸਾਰੀ ਉਮਰ ਲੀਰਾਂ ਲਮਕਾਈ ਫਿਰਦੀ ਰਹੀ, ਘਰ ਆਟਾ ਨਹੀਂ ਸੀ ਹੁੰਦਾ, ਹੁਣ 'ਸ਼ਾਹਣੀ' ਬਣ ਗਈ ਏ, ਝੰਡੂ ਕਾਣੇ ਦੀ ਰੰਨ।

ਢੋਲੀ ਦੀ ਆਵਾਜ਼ : ਅਮਰੀਕਾ ਵਾਲੇ ਮੁੰਡੇ ਦਾ ਮਾਮਾ
ਨੋਟ ਵਰ੍ਹਾ ਰਿਹੈ ਪੰਜ ਪੰਜ ਸੌ ਦੇ।
ਮਾਮੇ ਦੇ ਨਾਂ ਤੇ ਬੋਲੀ ਪਾ ਰਿਹਾਂ, ਗੌਰ ਫਰਮਾਇਓ :
ਕੋਈ ਪੀਂਦਾ ਗਟ ਗਟ ਵਿਸਕੀ,
ਕੋਈ ਪੀਂਦਾ ਮਲ ਮਲ ਭੰਗ।
ਬਰਸਾਤ ਕਰਤੀ ਨੋਟਾਂ ਦੀ
ਮਾਮੇ ਦੇ ਵੱਖਰੇ ਰੰਗ।
ਬੋਲੋ, ਮੁੰਡੇ ਦਾ ਮਾਮਾ ਜ਼ਿੰਦਾਬਾਦ

ਬਾਕੀ ਆਵਾਜ਼ਾਂ : ਜ਼ਿੰਦਾਬਾਦ ਜ਼ਿੰਦਾਬਾਦ.... ਹੋਏ ਹੋਏ

ਢੋਲੀ ਦੀ ਆਵਾਜ਼ : ਪੰਮੋ ਸ਼ਾਹਣੀ ਜ਼ਿੰਦਾਬਾਦ

ਬਾਕੀ : ਜ਼ਿੰਦਾਬਾਦ ਬਈ ਜ਼ਿੰਦਾਬਾਦ।

ਕਮਲੇਸ਼ : ਕੁੱਤੀ ਨੀਚ ਮੁਰਦਾਬਾਦ, ਮੁਰਦਾਬਾਦ।

*(ਦੋਹਾਂ ਹੱਥਾਂ ਨਾਲ ਪਿੱਟਦੀ ਹੈ)*

ਸੁਰਜੀਤ : ਕਿਉਂ ਆਪਣਾ ਪੇਟ ਕੁੱਟਦੀ ਏਂ?

ਕਮਲੇਸ਼ : ਸੱਟ ਸਿੱਧੀ ਵੱਜਦੀ ਪਈ ਏ ਮੇਰੇ ਢਿੱਡ 'ਤੇ ਢੋਲ ਦੀ।

ਇੱਕ ਆਵਾਜ਼ : ਅਮਰੀਕਾ ਵਾਲੇ ਮੁੰਡੇ ਦੀ ਪਾ ਇੱਕ ਬੋਲੀ ਢੋਲ ਵਾਲਿਆ!

ਢੋਲੀ ਦੀ ਆਵਾਜ਼ : ਲਓ ਬਈ ਸੁੱਟਣ ਲੱਗਾਂ ਬੋਲੀ ਅਮਰੀਕਾ ਗਏ ਮੁੰਡੇ ਦੀ, ਸਾਰੇ ਕਾਇਮ ਹੋ ਜਾਓ ਨੱਚਣ ਲਈ:
ਵਿੱਚ ਅਮਰੀਕਾ ਪਹੁੰਚਿਆ ਲੱਡੂ
ਪਿੱਛੇ ਟੱਬਰ ਢੋਲੇ ਗਾਵੇ।
ਡਾਲਰਾਂ ਦੀ ਝੜੀ ਲਾਤੀ।
ਜਿਵੇਂ ਸੋਣ ਦਾ ਮੀਂਹ ਪਿਆ ਆਵੇ।

ਪੰਮੋ ਦੀ ਆਵਾਜ਼ : ਖੁਸ਼ ਕਰਤਾ, ਆਹ ਲੈ ਪੰਜ ਸੌ ਹੋਰ।

ਢੋਲੀ ਦੀ ਆਵਾਜ਼ : ਰੋਟੀ ਨਹੀਂ ਖਾਣੀ...

ਬਾਕੀ : ਓਏ ਹੋਏ.....

ਢੋਲੀ ਦੀ ਆਵਾਜ਼ : ਰੋਟੀ ਨਹੀਂ ਖਾਣੀ
ਡਾਲਰ ਹੀ ਅਸਾਂ ਖਾਣੇ।
ਢਾਰੇ ਦੀ ਬਣੀ ਕੋਠੀ
ਵਿੱਚ ਰਹਿੰਦੇ ਲੋਕ ਸਿਆਣੇ।

ਝੰਡੂ ਦੀ ਆਵਾਜ਼
*(ਮਾਈਕ ਤੋਂ)* : ਵਾਹਿਗੁਰੂ ਨੇ ਖੁਸ਼ੀ ਦਿੱਤੀ, ਮੁਹੱਲੇ ਵਾਲਿਓ ਜਿਹਦਾ ਦਿਲ ਕਰਦੈ, ਆ ਜਾਓ, ਚੁੰਝ ਗਿੱਲੀ ਕਰ ਲਓ, ਸ਼ਰਾਬ ਵਾਧੂ।

ਕਮਲੇਸ਼ : ਤੂੰ ਤਾਂ ਰੱਜ ਲੈ ਝੰਡੂ ਕਾਣਿਆ, ਸਾਰੀ ਉਮਰ ਲੋਕਾਂ ਦੇ ਗਲਾਸ ਸੁੰਘਦੇ ਕੱਢਤੀ। ਕਹਿੰਦਾ ਰਿਹੈਂ, ਫਲਾਣੇ ਬੰਦੇ ਨੇ ਪਾਈਆ ਪਿਆ ਕੇ ਮੇਰਾ ਮੂੰਹ ਕਾਲਾ ਕਰ ਦਿੱਤੈ।
*(ਮਿਹਰ ਸਿੰਘ ਅਤੇ ਮੇਜਰ ਸਿੰਘ ਸਕੂਲੋਂ ਆਉਂਦੇ ਹਨ, ਦੋਵੇਂ ਲੱਡੂ ਖਾ ਰਹੇ ਹਨ।)*
ਮਿਹਰ, ਆਹ ਲੱਡੂ ਕਿੱਥੋਂ ਲਏ ਨੇ?

ਮਿਹਰ : ਮੰਮੀ, ਪੰਮੋ ਤਾਈ ਦੇ ਘਰ ਢੋਲ ਵੱਜਦਾ ਪਿਐ, ਲੋਕ ਖਾਂਦੇ ਪੀਂਦੇ ਪਏ ਨੇ। ਕੋਈ ਨੱਚੀ ਜਾਂਦੈ ਕੋਈ ਗਾਈ ਜਾਂਦੈ, ਪੰਮੋ ਤਾਈ ਨੇ ਲੱਡੂ ਦੇ ਦਿੱਤੇ ਮੈਨੂੰ ਵੀ, ਮੇਜਰ ਨੂੰ



ਵੀ।

ਕਮਲੇਸ਼ : *(ਮਿਹਰ ਅਤੇ ਮੇਜਰ ਦੇ ਚਪੇੜਾਂ ਮਾਰਦੀ ਹੈ)* ਤੁਸੀਂ ਭੁੱਖੇ ਹੋ, ਉਸ ਨੰਗ ਤੋਂ ਲੱਡੂ ਲੈ ਲਏ। ਮੈਨੂੰ ਪੁੱਛਦੇ ਤਾਂ ਮੈਂ ਦੱਸਦੀ ਕਿ ਲੱਡੂ ਲੈਣੇ ਨੇ ਕਿ ਉਹਦੇ ਮੂੰਹ 'ਤੇ ਮਾਰਨੇ ਨੇ।

ਮਿਹਰ : *(ਰੋਣਹਾਕਾ ਹੁੰਦਾ ਹੋਇਆ)* ਗਲੀ ਦੇ ਸਾਰੇ ਮੁੰਡਿਆਂ, ਕੁੜੀਆਂ ਨੇ ਲੱਡੂ ਖਾਧੇ ਨੇ, ਉਹਨਾ ਦੀਆਂ ਮੰਮੀਆਂ ਨੇ ਕੁੱਝ ਨਹੀਂ ਕਿਹਾ।

ਕਮਲੇਸ਼ : ਮੈਂ ਬੇਅਣਖੀ ਨਹੀਂ ਉਹਨਾਂ ਐਰੇ ਗੈਰੇ ਜੂਠਾਂ ਵਰਗੀ।

ਸੁਰਜੀਤ : ਤੂੰ ਵੀ ਖਾ ਲੈ ਲੱਡੂ ਕਮਲੇਸ਼ ਕੌਰੇ।

ਕਮਲੇਸ਼ : ਮੈਨੂੰ ਮਹੁਰਾ ਲਿਆ ਕੇ ਦੇ ਦੇ। ਤੂੰ ਜਾ ਡੱਫ ਲੈ ਜਾ ਕੇ, ਤੇਰੇ ਜਿਹੇ ਬਥੇਰੇ ਪੀ ਪੀ ਮੂੰਹ ਕਾਲਾ ਕਰਦੇ ਪਏ ਨੇ।

ਸੁਰਜੀਤ : ਮੈਂ ਕਿਉਂ ਜਾਵਾਂ ਉਹਦੇ ਘਰ। ਮੈਂ ਸੋਲਾਂ ਕਿੱਲਿਆਂ ਦਾ ਮਾਲਕ ਹਾਂ। ਮੇਰੇ ਘਰ ਬਥੇਰੀ ਬਰਕਤ ਏ ਰੱਬ ਦੀ, ਵਧੀਆ ਖਾਣੇ ਪੀਣੇ ਹਾਂ।

ਕਮਲੇਸ਼ : *(ਸਾਂਗ ਲਾਉਂਦੀ ਹੋਈ)* ਸੋਲਾਂ ਕਿਲਿਆਂ ਦਾ ਮਾਲਕ ਹਾਂ! ਪਰਸੋ ਢਾਣੀ ਵਿੱਚ ਬੈਠਾ ਦੁੱਕੀ ਤਿੱਕੀ ਬੰਦਿਆਂ ਦੇ ਜੂਠੇ ਗਲਾਸਾਂ ਵਿੱਚ ਪੀ ਪੀ ਮੋਰ ਬਣਿਆ ਪਿਆ ਸੀ।

ਸੁਰਜੀਤ : ਉਹ ਤਾਂ ਮਹਿਫ਼ਲ ਦੀ ਗੱਲ ਏ, ਮਹਿਫ਼ਲ ਵਿੱਚ ਸਾਰੇ ਜਣੇ ਬਰਾਬਰ ਹੁੰਦੇ ਨੇ। ਨਾ ਕੋਈ ਵੱਡਾ, ਨਾ ਕੋਈ ਛੋਟਾ। ਨਾ ਕੋਈ ਅਮੀਰ, ਨਾ ਕੋਈ ਗਰੀਬ।

ਕਮਲੇਸ਼ : ਸ਼ਰਾਬ ਡੱਫਨ ਵਾਲਿਆਂ 'ਚ ਨਾ ਕੋਈ ਬੰਦਾ ਸੀ ਨਾ ਬੰਦੇ ਦੀ ਜਾਤ।

ਸੁਰਜੀਤ : *(ਟੋਕਦਾ ਹੋਇਆ)* ਤੂੰ ਬੰਦਾ ਜਾਤ ਏਂ? ਆਏ ਦਿਨ ਵਧਦੀ ਜਾਂਦੀ ਏ, ਇਸ ਜ਼ੁਬਾਨ ਤੇ ਕੰਟੋਰਲ ਕਰ।

ਕਲਮੇਸ਼ : ਬਥੇਰਾ ਕੀਤਾ ਕੰਟੋਰਲ, ਬਥੇਰੀਆਂ ਸੁਣੀਆਂ ਤੱਤੀਆਂ ਠੰਢੀਆਂ ਸਤਾਰਾਂ ਅਠਾਰਾਂ ਸਾਲ। ਹੁਣ ਮੇਰੀ ਚੱਲੇਗੀ।

ਸੁਰਜੀਤ : ਕੀ ਚਲਾਏਂਗੀ?

ਕਮਲੇਸ਼ : ਸਾਡੇ ਨਿਆਣੇ ਵੀ ਅਮਰੀਕਾ ਜਾ ਸਕਦੇ ਨੇ। ਸੁੱਖ ਨਾਲ ਮਿਹਰ ਸਿੰਘ ਨੂੰ ਸੋਲਵਾਂ ਸਾਲ ਲੱਗ ਗਿਐ। ਮੈਂ

ਸੱਦਿਐ ਆਪਣੇ ਭਰਾ ਪ੍ਰਕਾਸ਼ ਨੂੰ। ਏਜੰਟਾਂ ਨਾਲ ਬਥੇਰੀ ਵਾਕਫੀਅਤ ਏ ਉਹਦੀ।

ਮਿਹਰ : ਮੰਮੀ, ਮੈਂ ਨਹੀਂ ਜਾਣਾ ਅਮਰੀਕਾ ਅਜੇ। ਮੈਂ ਤਾਂ ਪੜ੍ਹਨਾ ਏ ਤੇ ਦਸਵੀਂ ਦੇ ਇਮਤਿਹਾਨ 'ਚ ਫਸਟ ਆਵਾਂਗਾ।

ਕਮਲੇਸ਼ : ਪੜ੍ਹ ਲਿਖ ਕੇ ਜੱਜ ਬਣ ਜਾਏਂਗਾ! ਤੂੰ ਚੁੱਪ ਰਹਿ, ਤੇਰੀ ਜ਼ਿੰਦਗੀ ਬਣੇਗੀ ਅਮਰੀਕਾ ਵਿੱਚ।

ਮਿਹਰ : ਡੈਡੀ, ਮੰਮੀ ਨੂੰ ਸਮਝਾ।

ਸੁਰਜੀਤ : ਮਿਹਰ, ਥੱਕਿਆ ਟੁੱਟਿਆ ਆਇਆਂ ਪੈਲੀ ਵਿੱਚੋਂ, ਹੁਣ ਮੈਂ ਇਹਦੇ ਨਾਲ ਸਿਰ ਖਪਾਈ ਕਰਾਂ। ਇਹਨੂੰ ਬੋਲੀ ਜਾਣ ਦੇ, ਮੈਂ ਲੱਗਾਂ ਦੋ ਪੈੱਗ ਲਾਉਣ।

ਕਮਲੇਸ਼ : ਡੁੱਬ ਜਾ ਸ਼ਰਾਬ 'ਚ, ਮੁੰਡੇ ਦਾ ਨਾ ਸੋਚੀਂ।

ਸੁਰਜੀਤ : ਤੂੰ ਸੋਚ ਈ ਰਹੀ ਏਂ, ਹੁਣ ਘੜੀ ਚੁੱਪ ਦਾ ਦਾਨ ਬਖਸ਼।

ਕਮਲੇਸ਼ : ਪਰ ਮੈਂ ਮਿਹਰ ਨੂੰ ਅਮਰੀਕਾ ਭੇਜਣਾ ਏ ਪੱਕਾ।

ਸੁਰਜੀਤ : *(ਚੁੱਪ ਕਰਵਾਉਣ ਦੀ ਕੋਸ਼ਿਸ਼ ਕਰਦਾ ਹੋਇਆ)* ਠੀਕ ਏ ਠੀਕ ਏ, ਕਰ ਲੈ ਧੱਕਾ। ਆਪਣੀ ਸ਼ੂਗਰ ਬਾਰੇ ਵੀ ਖਿਆਲ ਰੱਖਿਆ ਕਰ।

ਕਮਲੇਸ਼ : *(ਸ਼ਾਂਤ ਹੁੰਦੀ ਹੋਈ)* ਮੇਰਾ ਪੁੱਤਰ ਅਮਰੀਕਾ ਵਿੱਚ ਬਾਬੂ ਬਣੇਗਾ, ਪੰਡਾਂ ਨੋਟਾਂ ਦੀਆਂ ਆਉਣਗੀਆਂ। ਮੇਰੇ ਘਰ ਢੋਲ ਵੱਜੇਗਾ, ਸਾਰਾ ਮੁਹੱਲਾ ਵੇਖੇਗਾ ਤੇ ਪੰਮੋ ਦੀ ਬੋਲਤੀ ਬੰਦ ਹੋ ਜਾਵੇਗੀ। *(ਸੁਪਨਮਈ ਹਾਲਤ ਵਿੱਚ ਸਟਿੱਲ ਹੋ ਜਾਂਦੀ ਹੈ ਅਤੇ ਹਨ੍ਹੇਰਾ ਪੈ ਜਾਂਦਾ ਹੈ)*



## ਦ੍ਰਿਸ਼ ਤਿੰਨ

*(ਸੁਰਜੀਤ ਸਿੰਘ ਦੇ ਘਰ ਦਾ ਵਿਹੜਾ, ਦੋ ਮੰਜੀਆਂ ਡਾਹੀਆਂ ਹੋਈਆਂ ਹਨ। ਇੱਕ ਪਾਸੇ ਦੋ ਕੁਰਸੀਆਂ ਅਤੇ ਛੋਟਾ ਜਿਹਾ ਮੇਜ ਨਜ਼ਰ ਆਉਂਦਾ ਹੈ, ਕਮਲੇਸ਼ ਕੌਰ ਮੰਜੀ 'ਤੇ ਬੈਠੀ ਹੈ, ਉਹ ਸੋਚਾਂ ਵਿੱਚ ਡੁੱਬੀ ਹੋਈ ਤਨਾਓ ਦੀ ਸਥਿਤੀ ਵਿੱਚ ਹੈ। ਕੋਲ ਹੀ ਉਸ ਦਾ ਸਾਧਾਰਨ ਜਿਹਾ ਮੋਬਾਇਲ ਫ਼ੂਨ ਪਿਆ ਹੈ)*

ਕਮਲੇਸ਼ : ਸ਼ਾਮਾਂ ਪੈ ਗਈਆਂ, ਅਜੇ ਆਇਆ ਨਹੀਂ ਮੇਰਾ ਵੀਰ ਪ੍ਰਕਾਸ਼। ਪਤਾ ਨਹੀਂ ਕਿੱਥੇ ਫਸ ਗਿਐ......
*(ਗੇਟ ਦੇ ਹੈਂਡਲ ਦੀ ਆਵਾਜ਼ ਆਉਂਦੀ ਹੈ)*
ਆ ਗਿਐ ਆਖਰ, ਲੰਘ ਆਓ ਮੈਂ ਤਾਂ ਉਡੀਕਦੀ.....
*(ਸੁਰਜੀਤ ਸਿੰਘ ਆਉਂਦਾ ਹੈ)* ਤੂੰ ਵੇਂ.......

ਸੁਰਜੀਤ : ਹੋਰ ਕੌਣ ਆਏਗਾ ਇਸ ਵੇਲੇ?

ਕਮਲੇਸ਼ : ਮੈਂ ਸਮਝਿਆ ਪ੍ਰਕਾਸ਼ ਆਇਐ ਮੇਰਾ ਵੀਰ।

ਸੁਰਜੀਤ : ਦਿਨੇ ਵੀ ਪ੍ਰਕਾਸ਼ ਤੇ ਰਾਤ ਸੁੱਤੀ ਸੁੱਤੀ ਵੀ ਪ੍ਰਕਾਸ਼ ਪ੍ਰਕਾਸ਼ ਪਈ ਬੁੜਬੁੜਾਉਂਦੀ ਸੀ। ਨਾਂ ਹੀ ਪ੍ਰਕਾਸ਼ ਏ ਪਰ ਅਕਲ ਵੱਲੋਂ ਤਾਂ ਹਨੇਰਾ ਈ ਏ ਚੌਥੀ ਫੇਲ੍ਹ।

ਕਮਲੇਸ਼ : ਘੱਟ ਪੜ੍ਹਿਆ ਏ ਪਰ ਪੜ੍ਹਿਆਂ ਲਿਖਿਆਂ ਦੇ ਕੰਨ ਕੁਤਰਦਾ ਏ। ਕਿਸੇ ਦੇ ਪੈਰ ਨਹੀਂ ਲੱਗਣ ਦਿੰਦਾ ਗੱਲੀਂ ਬਾਤੀਂ।

ਸੁਰਜੀਤ : ਉਹ ਤਾਂ ਲਾਊਡ ਸਪੀਕਰ ਏ, ਹਰ ਕੋਈ ਉਹਦੇ ਤੋਂ ਖਹਿੜਾ ਛੁਡਾਉਣਾ ਚਾਹੁੰਦੈ। ਬੈਂਕ ਵਿੱਚ ਜਾਂਦੈ, ਬੈਂਕ ਦੀ ਸ਼ਾਂਤੀ ਭੰਗ ਕਰ ਦਿੰਦੈ।
*(ਪ੍ਰਕਾਸ਼ ਆਉਂਦਾ ਹੈ)*

ਪ੍ਰਕਾਸ਼ : ਸੁਰਜੀਤ ਸਿੰਹਾਂ, ਮੇਰੀ ਚੰਗੀ ਸੋਭਾ ਕਰਦਾ ਪਿਐਂ!

ਸੁਰਜੀਤ : ਇਸ ਤੋਂ ਵੱਧ ਹੋਰ ਕਿੰਨੀ ਕੁ ਸੋਭਾ ਕਰ ਸਕਦਾਂ ਆਪਣੇ ਸਾਲਾ ਸਾਹਿਬ ਦੀ।

ਕਮਲੇਸ਼ : ਚੁੱਪ ਵੀ ਕਰ ਜਾ, ਸ਼ੁਕਰ ਏ ਮੇਰਾ ਵੀਰ ਆਇਐ *(ਸੁਰਜੀਤ ਸਿੰਘ ਨੂੰ)* ਤੂੰ ਜਾ ਖਾਣ ਪੀਣ ਦਾ ਪ੍ਰਬੰਧ

ਕਰ ਲੈ। ਬਾਜ਼ਾਰ ਵਿੱਚੋਂ ਬੱਕਰੇ ਦਾ ਮੀਟ ਲਿਆ, ਬੋਤਲ ਵੀ ਚੰਗੀ ਜਿਹੀ ਮਹਿੰਗੀ ਲੈ ਆ ਠੇਕੇ ਤੋਂ।

ਸੁਰਜੀਤ : ਭਰਾ ਦੀ ਇੰਨੀ ਆਓ ਭਗਤ!

ਪ੍ਰਕਾਸ਼ : ਭੈਣ ਜੁ ਹੋਈ ਸੱਕੀ।

ਕਮਲੇਸ਼ : ਸ਼ੁਕਰ ਏ ਮੇਰੇ ਵੀਰ ਨੂੰ ਸਾਡੇ ਘਰ ਦਾ ਬੂਹਾ ਨਜ਼ਰ ਆਇਐ।

*(ਸੁਰਜੀਤ ਸਿੰਘ ਨੂੰ)* ਤੂੰ ਜਾ, ਗੋਲੀ ਵਾਂਗ ਜਾ ਤੇ ਖੋਟੇ ਪੈਸੇ ਵਾਂਗ ਮੁੜ ਆ।

ਸੁਰਜੀਤ : *(ਪ੍ਰਕਾਸ਼ ਨੂੰ)* ਸੁਣ ਲੈ ਆਪਣੀ ਮਾਂ ਜਾਈ ਦੀ ਬੋਲੀ। ਕਿੰਨਾ ਸੋਚ ਕੇ ਬੋਲਦੀ ਏ!

ਪ੍ਰਕਾਸ਼ : ਇੰਨਾ ਕੁ ਤਾਂ ਘਰਾਂ 'ਚ ਚਲਦਾ ਹੀ ਏ।

ਸੁਰਜੀਤ : ਮੈਂ ਚੱਲਿਆਂ ਤੁਹਾਡਾ ਪ੍ਰਬੰਧ ਕਰਨ, ਤੁਸੀਂ ਭੈਣ-ਭਰਾ ਚਲਾਓ ਚੁਗਲੀ ਚੈਨਲ।

*(ਸੁਰਜੀਤ ਸਿੰਘ ਚਲਾ ਜਾਂਦਾ ਹੈ)*

ਕਮਲੇਸ਼ : ਕਿੰਨੇ ਫ਼ੂਨ ਲਾਏ, ਤਾਂ ਜਾ ਕੇ ਆਇਆ ਮੇਰਾ ਵੀਰ।

ਪ੍ਰਕਾਸ਼ : ਅੱਜ ਕੱਲ੍ਹ ਤਾਂ ਬੰਦੇ ਕੋਲ ਮਰਨ ਦੀ ਵਿਹਲ ਨਹੀਂ। ਫਿਰ ਵੀ ਤੂੰ ਆਉਣ ਲਈ ਆਖੇਂ ਤਾਂ ਮੈਂ ਨਾ ਆਵਾਂ, ਇਹ ਕਿੱਥੇ ਲਿਖਿਐ।

ਕਮਲੇਸ਼ : ਵੀਰ ਤੇਰੇ 'ਤੇ ਮਾਣ ਵੀ ਤਾਂ ਕਰਨੀ ਆਂ।

ਪ੍ਰਕਾਸ਼ : ਛੋਟੀ ਭੈਣ, ਤੂੰ ਤਾਂ ਅੱਧੀ ਰਾਤ ਵੀ ਯਾਦ ਕਰੇਂ ਤਾਂ ਵੀ ਦਸ ਮਿੰਟਾਂ ਵਿੱਚ ਤੇਰੇ ਕੋਲ ਹੋਵਾਂਗਾ। ਹੁਣ ਆ ਜ਼ਰਾ ਅਸਲੀ ਗੱਲ ਵੱਲ। ਤੁਸੀਂ ਪੱਕਾ ਸਲਾਹ ਕਰ ਲਈ ਏ ਕਿ ਭਾਣਜੇ ਨੂੰ ਅਮਰੀਕਾ ਕੱਢਣਾ ਏ?

ਕਮਲੇਸ਼ : ਤੁਸੀਂ ਪੱਕਾ ਈ ਸਮਝੋ। ਜੇ ਮਿਹਰ ਦਾ ਡੈਡੀ ਚੂੰ ਚਾਂ ਕਰੇਗਾ ਤਾਂ ਉਹਨੂੰ ਸਮਝਾਉਣਾ ਵੀ ਤੁਸੀਂ ਏ।

ਪ੍ਰਕਾਸ਼ : ਉਹਦੇ ਦਿਮਾਗ 'ਚ ਐਸਾ ਟੀਕਾ ਲਾਵਾਂਗਾ ਕਿ ਤੀਰ ਵਾਂਗ ਸਿੱਧਾ ਹੋ ਜੂ।

ਕਮਲੇਸ਼ : ਓਹਨੇ ਬਹਿਸ ਤਾਂ ਬਥੇਰੀ ਕਰਨੀ ਏ, ਗੁੱਸਾ ਨਾ ਕਰਿਓ ਉਹਦਾ। ਮੇਰਾ ਸਾਥ ਦਿਓ ਵੀਰ ਜੀ, ਤੁਹਾਡਾ ਭਾਣਜਾ ਅਮਰੀਕਾ ਚਲਾ ਜਾਏ, ਮੇਰੇ ਦਿਲ ਨੂੰ ਠੰਡ ਪੈ ਜਾਏਗੀ। ਏਜੰਟ ਨਾਲ ਗੱਲ ਕਰ ਲਈ ਤੁਸੀਂ?

ਪ੍ਰਕਾਸ਼ : ਮੈਂ ਥਾਂ ਥਾਂ ਏਜੰਟਾਂ ਨਾਲ ਗੱਲ ਨਹੀਂ ਕਰਦਾ। ਮੇਰੇ ਪਾਸ ਤਾਂ ਇੱਕੋ ਏਜੰਟ ਏ ਪੱਕਾ ਈ ਸੰਧੂ। ਮੈਨੂੰ ਉਹਦੇ 'ਤੇ



ਇੰਨਾ ਹੀ ਵਿਸ਼ਵਾਸ਼ ਏ ਜਿੰਨਾ ਤੈਨੂੰ ਮੇਰੇ 'ਤੇ ਕਮਲੇਸ਼।

ਕਮਲੇਸ਼ : ਸਾਡੀ ਤਾਂ ਡੋਰ ਹੀ ਤੇਰੇ 'ਤੇ ਵੀਰਿਆ।

ਪ੍ਰਕਾਸ਼ : ਰੇਟ ਦਾ ਤੁਹਾਨੂੰ ਪਤਾ ਈ ਐ ਜਿੰਨਾ ਚਲਦਾ ਏ, ਉਸ ਤੋਂ ਘੱਟ ਹੀ ਕਰਾਵਾਂਗਾ। ਅੱਧੀ ਰਕਮ ਸੁੱਟਾਂਗਾ ਉਹਦੀ ਜੇਬ 'ਚ ਅਡਵਾਂਸ ਤੇ ਬਾਕੀ ਅੱਧੀ ਰਕਮ ਉਦੋਂ ਜਦ ਮਿਹਰ ਅਮਰੀਕਾ ਪਹੁੰਚ ਕੇ ਫ਼ੂਨ ਮਾਰੇਗਾ ਕਿ ਮੈਂ ਫਲਾਣੇ ਫਲਾਣੇ ਟਿਕਾਣੇ ਲੱਗ ਗਿਆਂ।

ਕਮਲੇਸ਼ : ਰਸਤੇ ਵਿੱਚ ਕੋਈ ਖੱਜਲ ਖੁਆਰੀ ਤਾਂ ਨਹੀਂ ਹੋਵੇਗੀ ਤੁਹਾਡੇ ਭਾਣਜੇ ਨੂੰ?

ਪ੍ਰਕਾਸ਼ : ਸੰਧੂ ਏਜੰਟ ਦੀ ਗੱਲ ਪੱਥਰ 'ਤੇ ਲੀਕ ਵਾਂਗ ਹੁੰਦੀ ਏ। ਇਹਨਾਂ ਏਜੰਟਾਂ ਦੀਆਂ ਤਾਰਾਂ ਅਗਾਂਹ ਤੋਂ ਅਗਾਂਹ ਅਮਰੀਕਾ ਤੱਕ ਜੁੜੀਆਂ ਹੁੰਦੀਆਂ ਨੇ। ਇਹਨਾਂ ਵੀਜਾ ਲੈ ਕੇ ਪਹੁੰਚਾਉਣਾ ਏ ਮੈਕਸੀਕੋ, ਉਥੇ ਸੰਧੂ ਦੇ ਬੰਦੇ ਉਡੀਕਦੇ ਹੋਣਗੇ। ਉਹ ਲੈ ਜਾਣਗੇ ਹੋਟਲ ਵਿੱਚ। ਬਾਰਡਰ 'ਤੇ ਸੈਟਿੰਗ ਏ ਉਹਨਾਂ ਦੀ, ਕਾਰ ਵਿੱਚ ਬਿਠਾ ਕੇ ਸਿੱਧੇ ਈ ਅਮਰੀਕਾ।

ਕਮਲੇਸ਼ : *(ਖੁਸ਼ ਹੁੰਦੀ ਹੋਈ)* ਮੇਰਾ ਤਾਂ ਫ਼ਿਕਰ ਖਤਮ ਹੋ ਗਿਆ ਸਮਝੋ।

ਪ੍ਰਕਾਸ਼ : ਮੇਰੇ ਹੁੰਦਿਆਂ ਭੈਣ ਫ਼ਿਕਰ ਕਰੇ, ਇਹ ਕਿੱਥੇ ਲਿਖਿਐ।

*(ਸੁਰਜੀਤ ਆਉਂਦਾ ਹੈ, ਉਸ ਦੇ ਨਾਲ ਮਾਸਟਰ ਸਾਗਰ ਵੀ ਹੈ)*

ਕਮਲੇਸ਼ : *(ਮਾਸਟਰ ਸਾਗਰ ਨੂੰ ਵੇਖ ਕੇ)* ਮਾਸਟਰ ਜੀ ਤੁਸੀਂ?

ਸਾਗਰ : ਹਾਂ, ਮੈਂ ਈਵਨਿੰਗ ਵਾਕ ਕਰ ਕੇ ਵਾਪਸ ਆ ਰਿਹਾ ਸੀ, ਰਸਤੇ ਵਿੱਚ ਸੁਰਜੀਤ ਸਿੰਘ ਮਿਲ ਗਿਆ। ਕਹਿੰਦੈ, ਮਾਸਟਰ ਜੀ ਸਾਡੇ ਘਰ ਜ਼ਰੂਰ ਚੱਲੋ, ਕੋਈ ਖਾਸ ਅਡਵਾਇਸ ਲੈਣੀ ਏ ਤੁਹਾਡੀ। ਇੰਨੇ ਪਿਆਰ ਨਾਲ ਕਿਹਾ ਤਾਂ ਮੈਂ ਨਾਂਹ ਨਹੀਂ ਕਰ ਸਕਿਆ। ਭੈਣ ਜੀ, ਮੇਰੇ ਆਉਣ ਨਾਲ ਕਿਤੇ ਤੁਹਾਡੇ ਰੰਗ 'ਚ ਭੰਗ ਤਾਂ ਨਹੀਂ ਪੈ ਗਿਆ?

ਕਮਲੇਸ਼ : ਨਹੀਂ ਪਰ ਇਸ ਟੈਮ.....

ਸੁਰਜੀਤ : ਜੀ ਆਇਆਂ ਨੂੰ ਮਾਸਟਰ ਜੀ, ਕੁਰਸੀ ਤੇ ਬੈਠੋ। ਅੱਜ ਚਾਹ ਪੀ ਕੇ ਹੀ ਜਾਇਓ।

ਸਾਗਰ : ਚਾਹ ਦੀ ਤਕਲੀਫ਼ ਨਾ ਕਰਿਓ.....

| | | |
|---|---|---|
| ਸੁਰਜੀਤ | : | *(ਟੋਕਦਾ ਹੋਇਆ)* ਚਾਹ ਦੀ ਕਾਹਦੀ ਤਕਲੀਫ਼? ਤੁਸੀਂ ਕਿਹੜਾ ਪੈੱਗ ਸ਼ੈੱਗ ਲਾਉਂਦੇ ਹੋ। |
| ਸਾਗਰ | : | ਪੈੱਗ? ਓ ਮਾਈ ਗਾਡ, ਮੈਂ ਤਾਂ ਪੈੱਗ ਵਾਲਿਆਂ ਦੇ ਨੇੜੇ ਨਹੀਂ ਜਾਂਦਾ। ਦਾਲ ਫੁਲਕਾ ਖਾਈਦੈ, ਰੱਬ ਦੇ ਗੁਣ ਗਾਈਦੈ। ਕਿਹੜੀ ਗੱਲ ਕਰਨੀ ਸੀ ਤੁਸੀਂ ਸੁਰਜੀਤ ਸਿੰਘ ਜੀ? ਜਲਦੀ ਦੱਸੋ, ਮੇਰੇ ਪਾਸ ਪੰਜ ਸੱਤ ਮਿੰਟ ਹੀ ਨੇ ਐਸ ਟਾਈਮ। |
| ਸੁਰਜੀਤ | : | ਮਾਸਟਰ ਜੀ, ਆਪਣਾ ਮਿਹਰ ਸਿੰਘ ਪੜ੍ਹਾਈ ਵਿੱਚ ਕਿਵੇਂ ਚੱਲ ਰਿਹੈ? |
| ਸਾਗਰ | : | ਵੈਰੀ ਫਾਈਨ, ਬਹੁਤ ਚੰਗਾ। ਟਾਪ ਫਾਈਵ ਵਿੱਚ, ਭਾਵ ਉਪਰਲੇ ਪੰਜ ਲਾਈਕ ਵਿਦਿਆਰਥੀਆਂ ਵਿੱਚ ਮਿਹਰ ਸਿੰਘ ਦਾ ਨਾਂ ਵੀ ਸਿਤਾਰੇ ਵਾਂਗ ਚਮਕਦਾ ਏ। ਮੈਨੂੰ ਪੂਰੀ ਆਸ ਏ ਸਕੂਲ ਤੋਂ ਬਾਅਦ ਕਾਲਜ ਦੀ ਐਜੂਕੇਸ਼ਨ ਪ੍ਰਾਪਤ ਕਰਕੇ, ਮਾਂ ਪਿਓ ਦਾ ਨਾਂ ਰੋਸ਼ਨ ਕਰੇਗਾ। ਆਈ ਐਮ ਪਰੌਡ ਆਫ ਹਿਮ। ਮੈਨੂੰ ਉਸ 'ਤੇ ਮਾਣ ਏ। |
| ਸੁਰਜੀਤ | : | ਮੇਰਾ ਦਿਲ ਵੀ ਇਹੀ ਕਹਿੰਦੈ ਕਿ ਉਹ ਖ਼ੂਬ ਪੜ੍ਹੇ। ਪਰ ਉਹਦੀ ਮੰਮੀ ਉਹਨੂੰ ਵਿਦੇਸ਼ ਭੇਜਣਾ ਚਾਹੁੰਦੀ ਏ। |
| ਸਾਗਰ | : | ਕਿੱਥੇ? |
| ਸੁਰਜੀਤ | : | ਅਮਰੀਕਾ। |
| ਸਾਗਰ | : | ਇੰਨੀ ਛੋਟੀ ਉਮਰੇ? ਅਜੇ ਉਹਨੂੰ ਆਪਣਾ ਕੈਰੀਅਰ ਬਣਾਉਣ ਦਿਓ। ਮੁੰਡਾ ਪੜ੍ਹਨ ਵਾਲਾ ਏ, ਕੋਈ ਵਿਰਲਾ ਨਿਆਣਾ ਕਿਤਾਬ ਫੜ੍ਹਦੈ ਚਾਅ ਨਾਲ। |
| ਕਮਲੇਸ਼ | : | ਦਸਵੀਂ 'ਚ ਹੋ ਗਿਐ, ਬਥੇਰੀ ਕਰ ਲਈ ਪੜ੍ਹਾਈ। ਹੁਣ ਉਹਦੀ ਜ਼ਿੰਦਗੀ ਬਾਰੇ ਵੀ ਕੁਝ ਸੋਚਣਾ ਏ ਕਿ ਘਰ ਹੀ ਬਿਠਾ ਛੱਡਣਾ ਏ। |
| ਸਾਗਰ | : | ਹੋਣਹਾਰ ਬੱਚਾ ਏ, ਘਰ ਦੀ ਰੌਣਕ ਏ, ਸਕੂਲ ਦੀ ਰੌਣਕ ਏ। ਉਹਦੀ ਪੜ੍ਹਾਈ ਦਾ ਹੁਣ ਤਾਂ ਬੇਸ ਬਣਿਐ। ਪੰਜ ਛੇ ਸਾਲ ਹੋਰ ਦਿਓ ਉਹਨੂੰ ਪੜ੍ਹਨ ਲਈ, ਵੇਖਿਓ ਉਹਦੀ ਮਿਹਨਤ, ਲਗਨ ਦਾ ਰੀਜਲਟ। |
| ਪ੍ਰਕਾਸ਼ | : | *(ਹਮਲਾਵਰਾਨਾ ਅੰਦਾਜ਼ ਵਿੱਚ)* ਮਾਸਟਰ ਜੀ, ਤੁਹਾਡੇ ਪੜ੍ਹਾਏ ਕਿੰਨੇ ਕੁ ਡੀਸੀ ਲੱਗੇ ਨੇ? |
| ਸਾਗਰ | : | ਡੀ.ਸੀ. ਤਾਂ ਜ਼ਿਲ੍ਹੇ ਵਿੱਚ ਇੱਕ ਹੀ ਹੁੰਦੈ। ਮੈਨੂੰ ਮਾਣ ਏ ਕਿ ਮੇਰੇ ਪੜ੍ਹਾਏ ਟੀਚਰ ਲੱਗੇ ਨੇ, ਬੈਂਕਾਂ ਦੇ ਬਾਊ ਬਣੇ ਨੇ, ਪੁਲਿਸ ਵਿੱਚ ਨੇ, ਬਿਜਲੀ ਬੋਰਡ 'ਚ ਕਲਰਕ ਲੱਗੇ ਨੇ। |
| ਪ੍ਰਕਾਸ਼ | : | ਕਾਹਦੇ ਲੱਗੇ ਨੇ ਬੈਂਕਾਂ ਦੇ ਬਾਊ ਜਾਂ ਕਲਰਕ, ਸਾਰੇ ਹੀ ਭੁੱਖ ਦੇ ਫੁੱਫੜ ਨੇ। ਕਿੰਨੀ ਕੁ ਤਨਖਾਹ ਏ ਉਹਨਾਂ ਦੀ? |
| ਸਾਗਰ | : | ਮੈਂ ਉਹਨਾਂ ਨੂੰ ਪੁਸਤਕ ਕਲਚਰ ਨਾਲ ਜੋੜਿਐ, ਬਾਬੇ ਨਾਨਕ ਨੇ ਕਿਹੈ-ਵਿਦਿਆ ਵਿਚਾਰੀ ਤਾਂ ਪਰਉਪਕਾਰੀ। ਭਾਵ ਜੇ ਵਿੱਦਿਆ ਨੂੰ ਵਿਚਾਰੋਗੇ ਤਾਂ ਤੁਹਾਡੇ ਲਈ ਪਰਉਪਕਾਰ, ਭਲੇ ਦਾ ਕਾਰਜ ਕਰਕੇ ਮਨੁੱਖ ਦੀ ਜ਼ਿੰਦਗੀ ਨੂੰ ਸੰਵਾਰ ਦੇਵੇਗੀ। ਵਿੱਦਿਆ ਇੱਕ ਰੋਸ਼ਨੀ ਏ ਜੋ ਅਗਿਆਨਤਾ ਰੂਪੀ ਹਨ੍ਹੇਰੇ ਨੂੰ ਖਤਮ ਕਰਦੀ ਏ। |
| ਪ੍ਰਕਾਸ਼ | : | ਗੱਲ ਸਾਰੀ ਪੈਸੇ ਦੀ ਏ, ਪੈਸੇ ਬਿਨਾਂ ਅੱਜਕਲ੍ਹ ਬੰਦੇ ਦੀ ਵੈਲਿਊ ਕੀ ਏ? |
| ਸਾਗਰ | : | ਪੈਸਾ ਤਾਂ ਬੰਦੇ ਦੀ ਰੁਟੀਨ ਚਲਾਉਣ ਵਾਸਤੇ ਹੀ ਏ। ਜ਼ਿਆਦਾ ਧਨ ਬੰਦੇ ਦਾ ਦਿਮਾਗ ਖ਼ਰਾਬ ਕਰ ਦਿੰਦੈ। |
| ਪ੍ਰਕਾਸ਼ | : | ਜ਼ਿਆਦਾ ਪੜ੍ਹਾਈ ਵੀ ਬੰਦੇ ਨੂੰ ਪਾਗਲ ਕਰ ਦਿੰਦੀ ਏ। |
| ਸਾਗਰ | : | ਵਿਦਿਆ ਬਿਨੁ ਨਰ ਪਸ਼ੂ ਸਮਾਨ, ਅਸੀਂ ਇਹ ਮੰਨਦੇ ਹਾਂ ਨਾ। |
| ਪ੍ਰਕਾਸ਼ | : | ਮੈਂ ਪੜ੍ਹਿਆ ਭਾਵੇਂ ਚਾਰ ਕੁ ਜਮਾਤਾਂ ਪਰ ਤੁਹਾਡੇ ਜਿਹੇ ਪੜ੍ਹਿਆਂ ਦੇ ਕੰਨ ਕੁਤਰਦਾਂ। |
| ਸਾਗਰ | : | ਕੁਤਰੀ ਜਾਓ ਕੰਨ ਸਰਦਾਰ ਜੀ, ਕੌਣ ਰੋਕਦੈ ਤੁਹਾਨੂੰ। |
| ਪ੍ਰਕਾਸ਼ | : | ਤੁਸੀਂ ਦੱਸੋ ਤੁਹਾਡੀ ਕੋਠੀ ਦੇ ਕਿੰਨੇ ਕਮਰੇ ਨੇ, ਕਿਹੜਾ ਸਮਾਨ ਲੱਗੈ ਕੋਠੀ ਵਿੱਚ? |
| ਸਾਗਰ | : | ਕੋਠੀ? ਨਾ ਨਾ ਭਰਾਵਾ, ਸਾਡਾ ਤਾਂ ਸਾਦਾ ਜਿਹਾ ਘਰ ਏ। ਦੋ ਕਮਰੇ ਨੇ, ਵਰਾਂਡਾ ਏ। ਸਾਡੇ ਲਈ ਕਾਫ਼ੀ ਨੇ। |
| ਪ੍ਰਕਾਸ਼ | : | ਕੱਲ੍ਹ ਨੂੰ ਜਦ ਤੁਹਾਡੇ ਨਿਆਣੇ ਵਿਆਹੇ ਗਏ ਤਾਂ ਉਹਨਾਂ ਨੂੰ ਕਿਰਾਏ ਦੇ ਘਰ ਵਿੱਚ ਤੋਰੋਗੇ? |
| ਸਾਗਰ | : | ਇੱਕ ਮੁੰਡਾ ਏ ਤੇ ਇੱਕ ਬੇਟੀ ਏ। ਜਦ ਲੋੜ ਪਵੇਗੀ, ਕਮਰਿਆਂ ਉਪਰ ਦੋ ਹੋਰ ਕਮਰੇ ਖੜੇ ਕਰ ਲਵਾਂਗੇ। |
| ਪ੍ਰਕਾਸ਼ | : | ਕਿੰਨੇ ਲੱਖ ਨੇ ਤੁਹਾਡੇ ਖਾਤੇ ਵਿੱਚ? |
| ਸਾਗਰ | : | ਲੱਖ? ਮੇਰੇ ਬੱਚੇ ਹੀ ਮੇਰੇ ਬੈਂਕ ਨੇ। ਮੇਰਾ ਸਰਮਾਇਆ ਨੇ, ਆਪਣੀ ਤਨਖਾਹ ਨਾਲ ਉਹਨਾਂ ਨੂੰ ਉਚੇਰੀ ਵਿੱਦਿਆ ਦਿਵਾ ਰਿਹਾਂ, ਕੋਚਿੰਗ ਵੀ ਦੁਆਵਾਂਗਾ ਚੰਗੇ ਕੋਚਿੰਗ |

ਸੈਂਟਰਾਂ ਵਿੱਚ। ਮੈਨੂੰ ਲੱਖਾਂ ਦੀ ਲੋੜ ਨਹੀਂ।

ਪ੍ਰਕਾਸ਼ : ਜਿਹੜਾ ਕੰਮ ਲੱਖਾਂ ਨਾਲ ਹੁੰਦੈ, ਉਹ ਕੱਖਾਂ ਨਾਲ ਕਿਵੇਂ ਹੋਵੇਗਾ। ਬੰਦਾ ਮਾੜਾ ਜਿਹਾ ਢਿੱਲਾ ਹੋ ਜਾਵੇ ਤਾਂ ਉਹਨੂੰ ਸ਼ਹਿਰ ਦੇ ਚੰਗੇ ਹਸਪਤਾਲ ਸੁੱਟਣਾ ਪੈਂਦੈ। ਉਥੇ ਦੋ ਤਿੰਨ ਲੱਖ ਤਾਂ ਕੱਖ ਨਹੀਂ ਕਰਦੇ। ਕਿਹੜੀ ਗੱਡੀ ਰੱਖੀ ਏ ਤੁਸੀਂ?

ਸਾਗਰ : *(ਹੈਰਾਨੀ ਵਿੱਚ)* ਗੱਡੀ?

ਪ੍ਰਕਾਸ਼ : ਮਤਲਬ ਕਾਰ ਕਿਹੜੀ ਏ ਤੁਹਾਡੇ ਘਰ?

ਸਾਗਰ : ਨਾ ਨਾ ਭਰਾਵਾ ਅਸੀਂ ਤਾਂ ਪੈਦਲ ਸੈਰ ਕਰਨ ਵਾਲੇ ਇਨਸਾਨ ਹਾਂ। ਸਵੇਰ ਦੀ ਸੈਰ ਫਿਰ ਸਕੂਲ ਡਿਊਟੀ ਤੇ ਸ਼ਾਮ ਨੂੰ ਫਿਰ ਸੈਰ ਕਰ ਲੈਂਦੇ ਹਾਂ। ਹੱਥ ਪੈਰ ਚੱਲ ਰਹੇ ਨੇ।

ਪ੍ਰਕਾਸ਼ : ਪਰ ਹੱਥ ਪੈਰ ਸਦਾ ਨਹੀਂ ਚਲਦੇ, ਬੁਢਾਪਾ ਆ ਜਾਏ ਤਾਂ ਨਾਲ ਬਿਮਾਰੀਆਂ ਵੀ ਘੇਰਾ ਪਾ ਲੈਂਦੀਆਂ ਨੇ ਬੰਦੇ ਨੂੰ।

ਸਾਗਰ : ਅੱਜ ਤੰਦਰੁਸਤ ਹਾਂ, ਕੱਲ੍ਹ ਨੂੰ ਜੋ ਕੁਦਰਤ ਨੂੰ ਮਨਜ਼ੂਰ ਹੋਏਗਾ, ਠੀਕ ਹੀ ਹੋਏਗਾ।

ਪ੍ਰਕਾਸ਼ : ਮਾਸਟਰ ਜੀ, ਠੰਡ ਪੈ ਰਹੀ ਏ ਕਹਿਰ ਦੀ। ਜੈਕਟ ਪਾਇਓ ਕਰੋ ਚੰਗੀ ਜਿਹੀ, ਆਹ ਪਤਲੀ ਜਿਹੀ ਲੋਈ ਠੰਡ ਤੋਂ ਬਚਾਅ ਨਹੀਂ ਕਰ ਸਕਦੀ।

ਸਾਗਰ : ਮੇਰੇ ਲਈ ਠੀਕ ਏ ਇਹੀ, ਜੈਕਟਾਂ ਕੀ ਕਰਨੀਆਂ ਅਸੀਂ? *(ਗੱਲ ਬਦਲਦਾ ਹੋਇਆ)* ਸਰਦਾਰ ਸੁਰਜੀਤ ਸਿੰਘ ਜੀ, ਮੈਂ ਤੁਹਾਨੂੰ ਇਹੀ ਸਲਾਹ ਦਿਆਂਗਾ ਕਿ ਮਿਹਰ ਸਿੰਘ ਦੀ ਉਮਰ ਪੜ੍ਹਨ ਲਿਖਣ ਦੀ, ਸਿੱਖਣ ਦੀ ਉਮਰ ਏ, ਇਸ ਉਮਰੇ ਉਹਦੇ ਕੋਲੋਂ ਬਾਹਰਲੇ ਦੇਸ਼ ਲੇਬਰ ਕਰਵਾਉਣਾ ਉਹਦੇ ਨਾਲ ਬੇਇਨਸਾਫ਼ੀ ਏ।

ਪ੍ਰਕਾਸ਼ : ਕਾਹਦੀ ਬੇਇਨਸਾਫ਼ੀ? ਕੰਮ ਕਰੇਗਾ, ਹਰ ਮਹੀਨੇ ਡੇਢ ਲੱਖ ਰੁਪਿਆ ਸੁੱਟੇਗਾ ਘਰ। ਇਥੇ ਬੰਗਲਾ ਬਣੇਗਾ, ਘਰ ਦੇ ਬਾਹਰ ਕਾਰਾਂ ਖੜ੍ਹੀਆਂ ਹੋਣਗੀਆਂ ਤੇ ਸੁਰਜੀਤ ਸਿੰਘ ਘਰ ਦੇ ਸਭ ਤੋਂ ਵਧੀਆ ਕਮਰੇ 'ਚ ਬੈਠਾ ਬੱਕਰੇ ਬੁਲਾਉਂਦਾ ਹੋਵੇਗਾ।

ਸਾਗਰ : *(ਦ੍ਰਿੜਤਾ ਨਾਲ)* ਅੱਜ ਮਿਹਰ ਸਿੰਘ ਨੂੰ ਅਮਰੀਕਾ ਭੇਜ ਦਿੱਤਾ ਤਾਂ ਪੱਕਾ ਹੀ ਅਮਰੀਕਾ ਦਾ ਹੋਇਆ ਸਮਝਿਓ, ਵੇਖੋ ਵੇਖੀ ਤੁਹਾਡਾ ਛੋਟਾ ਮੁੰਡਾ ਵੀ ਇੱਥੇ ਨਹੀਂ ਟਿਕੇਗਾ। ਬੁਢਾਪੇ ਵਿੱਚ ਤੁਸੀਂ ਦੋ ਹੀ ਰਹਿ ਜਾਵੋਗੇ। ਵੇਖਦੇ



ਵੇਖਦੇ ਨੌਜਵਾਨ ਬਾਹਰ ਨੂੰ ਚਾਲੇ ਪਾ ਦੇਣਗੇ। ਇਹਨਾਂ ਏਜੰਟਾਂ ਦੇ ਢਹੇ ਚੜ੍ਹ ਕੇ। ਇਹ ਇਲਾਕਾ ਬੁੱਢਿਆਂ ਦਾ ਇਲਾਕਾ ਬਣ ਜਾਵੇਗਾ। ਏਜੰਟ ਤੇ ਕਰੰਟ ਦੋਵੇਂ ਖਤਰਨਾਕ ਨੇ।

ਕਮਲੇਸ਼ : ਮਾਸਟਰ ਜੀ, ਕੋਈ ਚੰਗੀ ਗੱਲ ਨਾ ਕਰਿਓਂ! ਮੇਰੀ ਸ਼ੂਗਰ ਉਪਰ ਚਲੀ ਗਈ ਤੁਹਾਡੀਆਂ ਖੁਸ਼ਕ ਗੱਲਾਂ ਸੁਣ ਕੇ। *(ਸੁਰਜੀਤ ਨੂੰ)* ਬੋਤਲ ਲਿਆ ਕੇ ਰੱਖ ਵੀਰ ਜੀ ਅੱਗੇ। ਮੀਟ ਤਿਆਰ ਹੋ ਚੱਲਿਐ।

ਸਾਗਰ : ਮੈਂ ਚਲਦਾਂ, ਤੁਸੀਂ ਕਰੋ ਰਾਂਝਾ ਰਾਜੀ।
*(ਮਾਸਟਰ ਸਾਗਰ ਚਲਾ ਜਾਂਦਾ ਹੈ)*

ਪ੍ਰਕਾਸ਼ : *(ਹੱਸਦਾ ਹੋਇਆ)* ਭੈਣ ਨੇ ਭਜਾਇਆ ਮਾਸਟਰ। ਐਨ ਤੀਰ ਟਿਕਾਣੇ 'ਤੇ ਸੁੱਟਿਆ, ਨਾਲ ਹੀ ਮਾਸਟਰ ਨੂੰ ਭੱਜਦੇ ਨੂੰ ਰਾਹ ਨਹੀਂ ਸੀ ਲੱਭਦਾ ਪਿਆ। ਬੋਤਲ ਕਹਿਣ ਦੀ ਦੇਰ ਸੀ, ਸਾਰੀ ਪੜ੍ਹਾਈ ਸਾਰੀਆਂ ਕਿਤਾਬਾਂ ਗੋਲ ਹੋ ਗਈਆਂ।

ਕਮਲੇਸ਼ : ਆਪਣੀ ਮੱਤ ਆਪਣੇ ਕੋਲ ਸਾਂਭ ਕੇ ਰੱਖੇ ਵੱਡਾ ਮਾਸਟਰ। *(ਸੁਰਜੀਤ ਨੂੰ)* ਇਸ ਨਜ਼ਰ ਵੱਟੂ ਨੂੰ ਘਰ ਲਿਆਉਣ ਦੀ ਕੀ ਲੋੜ ਸੀ?

ਸੁਰਜੀਤ : ਵਿਚਾਰੇ ਮਾਸਟਰ ਜੀ ਨੂੰ ਅਸੀਂ ਚਾਹ ਵੀ ਨਹੀਂ ਪਿਆ ਸਕੇ। *(ਮਿਹਰ ਸਿੰਘ ਆਉਂਦਾ ਹੈ)*

ਮਿਹਰ : ਕਿਹੜੇ ਮਾਸਟਰ ਜੀ ਨੂੰ?

ਸੁਰਜੀਤ : ਤੇਰੇ ਮਾਸਟਰ ਸਾਗਰ ਆਏ ਸੀ।

ਮਿਹਰ : *(ਉਤਸੁਕਤਾ ਵਿੱਚ)* ਸਾਗਰ ਸਰ? ਚਾਹ ਪਿਆਈ ਨਹੀਂ ਮੰਮੀ।

ਕਮਲੇਸ਼ : ਕੋਈ ਗੱਲ ਸੁਆਦ ਦੀ ਕੀਤੀ ਹੁੰਦੀ ਤਾਂ ਚਾਹ ਛੱਡ ਕੇ ਦੁੱਧ ਪਿਆ ਕੇ ਭੇਜਦੀ।

ਮਿਹਰ : ਕੀ ਕਹਿੰਦੇ ਸੀ ਸਰ?

ਕਮਲੇਸ਼ : ਸਿਰ ਜੰਮਣ ਵਾਲਿਆਂ ਦਾ।

ਸੁਰਜੀਤ : ਨੇਕ ਸਲਾਹ ਦੇ ਕੇ ਗਏ ਨੇ। ਕਹਿੰਦੇ ਨੇ ਮਿਹਰ ਸਿੰਘ ਦੀ ਉਮਰ ਪੜ੍ਹਨ ਦੀ ਏ। ਇਹਨੂੰ ਚਾਰ ਪੰਜ ਸਾਲ ਜ਼ਰੂਰ ਪੜ੍ਹਾਓ।

ਮਿਹਰ : ਠੀਕ ਹੀ ਕਿਹੈ ਸਰ ਜੀ ਨੇ। ਮੈਂ ਅਜੇ ਦਸਵੀਂ ਜਮਾਤ ਵਿੱਚ ਹਾਂ, ਅਜੇ ਹੋਰ ਕਿੰਨੀਆਂ ਜਮਾਤਾਂ ਪਾਸ ਕਰਨੀਆਂ ਨੇ।

ਕਮਲੇਸ਼ : ਬਥੇਰੀਆਂ ਪਾਸ ਕਰ ਲਈਆਂ। ਹੁਣ ਕਮਾਉਣ ਦਾ ਟੈਮ ਆਇਐ। ਅਮਰੀਕਾ ਜਾਇਆਂ ਜ਼ਿੰਦਗੀ ਬਣ ਜੇਗੀ ਤੇਰੀ। *(ਪ੍ਰਕਾਸ਼ ਦੇ ਮੋਬਾਇਲ ਦੀ ਘੰਟੀ ਵੱਜਦੀ ਹੈ)*

ਪ੍ਰਕਾਸ਼ : *(ਫ਼ੂਨ 'ਤੇ)* ਹਾਂ ਜੀ ਸੰਧੂ ਸਾਹਿਬ, ਪਹੁੰਚ ਗਏ ਹੋ? ਘਰ ਨੰਬਰ 220, ਪੀਲਾ ਗੇਟ ਲੱਗਾ ਏ।

ਸੰਧੂ : *(ਫ਼ੂਨ 'ਤੇ)* ਪੀਲੇ ਗੇਟ ਦੇ ਬਾਹਰ ਹੀ ਕਾਰ ਪਹੁੰਚ ਗਈ।

ਪ੍ਰਕਾਸ਼ : ਲੰਘ ਆਓ, ਮੇਰੀ ਭੈਣ ਦਾ ਘਰ ਏ। ਜੀ ਆਇਆਂ ਨੂੰ। *(ਸੰਧੂ ਆਉਂਦਾ ਹੈ)*

ਸੰਧੂ : ਸਾਰਿਆਂ ਨੂੰ ਸਤਿ ਸ੍ਰੀ ਅਕਾਲ।

ਕਮਲੇਸ਼ : ਸਾਸਰੀ ਕਾਲ ਵੀਰ ਜੀ, ਕੁਰਸੀ ਤੇ ਬੈਠੋ। ਧੰਨ ਭਾਗ ਸਾਡੇ, ਤੁਸੀਂ ਠੀਕ ਟੈਮ ਤੇ ਆ ਗਏ।
*(ਸੰਧੂ ਕੁਰਸੀ 'ਤੇ ਬੈਠ ਜਾਂਦਾ ਹੈ)*

ਸੰਧੂ : ਅਸੀਂ ਠੀਕ ਟਾਈਮ ਤੇ ਹੀ ਪਹੁੰਚਦੇ ਹਾਂ ਭੈਣ ਜੀ, ਅਜੇ ਕੋਈ ਰੰਗ ਨਹੀਂ ਬੱਝਾ....

ਪ੍ਰਕਾਸ਼ : ਤੁਹਾਨੂੰ ਉਡੀਕਦੇ ਪਏ ਸੀ ਸੰਧੂ ਸਾਹਬ, ਆ ਕਰਿਓ ਜ਼ਰਾ ਬੋਤਲ ਦਾ ਉਦਘਾਟਨ।

ਸੰਧੂ : *(ਹੱਸਦਾ ਹੋਇਆ)* ਆਹ ਕੰਮ ਵੀ ਮੈਥੋਂ ਕਰਵਾਉਣੈਂ ਪ੍ਰਕਾਸ਼ ਸਿੰਘ ਜੀ?

ਪ੍ਰਕਾਸ਼ : ਤੁਹਾਡੇ ਆਇਆਂ ਤਾਂ ਮੂਡ ਖੁਸ਼ ਹੋ ਗਿਐ। ਭਾਣਜੇ ਦਾ ਇੱਕ ਮਾਸਟਰ ਆਇਆ ਸੀ, ਪਤਾ ਨਹੀਂ ਕੀ ਕੀ ਬੋਲ ਗਿਐ ਸਾਡੀ ਤਾਂ ਬੱਤੀ ਗੁੱਲ ਹੋ ਗਈ।

ਸੰਧੂ : ਉਹਦੀ ਬੱਤੀ ਤਾਂ ਮੈਂ ਗੁੱਲ ਕਰਦਾ ਜੇ ਮੇਰਾ ਮੇਲ ਹੋ ਜਾਂਦਾ ਉਹਦੇ ਨਾਲ। ਭਲੇ ਜ਼ਮਾਨੇ ਵਿੱਚ ਨੌਕਰੀ ਮਿਲ ਗਈ ਹੋਵੇਗੀ ਜਦ ਕੋਈ ਵਿਰਲਾ ਟਾਵਾਂ ਬੰਦਾ ਪੜ੍ਹਿਆ ਹੁੰਦਾ ਸੀ। ਅੱਜਕਲ੍ਹ ਤਾਂ ਭੀੜਾਂ ਦੀਆਂ ਭੀੜਾਂ ਡਿਗਰੀਆਂ ਹੱਥ 'ਚ ਚੁੱਕੀ ਨੌਕਰੀ ਵਾਸਤੇ ਹਾੜੇ ਕੱਢਦੀਆਂ ਪਈਆਂ ਨੇ। ਨਹੀਂ ਮਿਲਦੀ ਨੌਕਰੀ, ਫਿਰ ਹਾਰਿਆ ਨਿਆਂ, ਕੋਈ ਨਸ਼ਿਆਂ ਤੇ ਲੱਗ ਜਾਂਦੈ, ਕੋਈ ਖੁਦਕੁਸ਼ੀ ਕਰਕੇ ਦੁੱਖਾਂ ਤੋਂ ਮੁਕਤ ਹੋ ਜਾਂਦੈ।

ਮਿਹਰ : *(ਧਿਆਣ ਨਾਲ ਸੁਣਦਾ ਪਰੇਸ਼ਾਨ ਹੁੰਦਾ ਹੋਇਆ)* ਪੜ੍ਹ ਲਿਖ ਕੇ ਵੀ ਨਹੀਂ ਮਿਲਦੀ ਨੌਕਰੀ ਅੰਕਲ?

ਸੰਧੂ : ਕਾਕਾ ਜੀ, ਚਾਰੇ ਪਾਸੇ ਬੇਰੁਜ਼ਗਾਰੀ ਏ। ਨੌਕਰੀ ਹੈ ਕਿੱਥੇ, ਜੇ ਮਿਲਦੀ ਏ ਤਾਂ ਪਰਦੇ ਉਹਲੇ। ਨੌਕਰੀ ਖਰੀਦੀ



ਜਾਂਦੀ ਏ, ਥੈਲੀ ਨੋਟਾਂ ਦੀ ਲੈ ਕੇ ਜਾਓ, ਫਿਰ ਟੁੱਟੀ ਜਿਹੀ ਨੌਕਰੀ ਪਾਓ।

ਮਿਹਰ : ਥੈਲੀ ਨੋਟਾਂ ਦੀ?

ਸੰਧੂ : ਕਾਕਾ, ਆਹ ਪੈੱਗ ਸੁੱਟ ਲੈਣ ਦੇ, ਤੁਹਾਨੂੰ ਸੁਣਾਉਂਦਾ ਹਾਂ ਅੱਖੀਂ ਡਿੱਠਾ ਹਾਲ । ਟਕਰਾਓ ਪ੍ਰਕਾਸ਼ ਸਿੰਘ ਜੀ।

ਪ੍ਰਕਾਸ਼ : *(ਪੈੱਗ ਟਕਰਾਉਂਦਾ ਹੋਇਆ)* ਲਓ ਚੁੱਕੋ, ਚੀਅਰਸ! ਸੁਰਜੀਤ ਸਿੰਘ ਤੂੰ ਵੀ ਚੱਕ, ਅੱਜ ਮੱਠਾ ਪੈ ਗਿਐਂ?

ਸੁਰਜੀਤ : ਅੱਜ ਜੋ ਕੁਝ ਵੀ ਸੁਣਿਐ, ਮਨ ਉਦਾਸ ਹੋ ਗਿਐ। ਦਿਲ ਨਹੀਂ ਕਰਦਾ ਕੁਝ ਖਾਣ ਪੀਣ ਤੇ।

ਕਮਲੇਸ਼ : ਬਾਹਰ ਲੁੰਡੀ ਬੁੱਚੀ ਨਾਲ ਤਾਂ ਬੜਾ ਬਣ ਠਣ ਕੇ ਪੀਂਦਾ ਏਂ, ਅੱਜ ਘਰ 'ਚ ਰੌਣਕ ਲੱਗੀ ਏ, ਤੈਨੂੰ ਸੱਪ ਸੁੰਘ ਗਿਐ।

ਸੁਰਜੀਤ : ਸੱਪ ਕੀ ਸੁੰਘਣਾ ਏ, ਕੋਈ ਗੱਲ ਨਹੀਂ ਜੋ ਕਿਸਮਤ 'ਚ ਹੋਇਆ ਮਿਲ ਜਾਵੇਗਾ। *(ਪੈੱਗ ਪੀਂਦਾ ਹੈ)*

ਮਿਹਰ : *(ਸੰਧੂ ਨੂੰ)* ਅੰਕਲ ਥੈਲੀ ਵਾਲੀ ਗੱਲ ਨਹੀਂ ਦੱਸਣੀ।

ਸੰਧੂ : ਪੁੱਤਰਾ, ਦੱਸਦਾਂ ਜੋ ਮੈਨੂੰ ਦੱਸੀ ਗਈ ਕਰਤੂਤ ਕਾਲੀਆਂ ਭੇਡਾਂ ਦੀ। ਮੁੱਖ ਮੰਤਰੀ ਦੇ ਹਲਕੇ ਦਾ ਏ ਬਲਾਕ ਪ੍ਰਧਾਨ ਜਗਤ ਸਿੰਘ। ਭਲਾ ਲੋਕ ਏ, ਲੋਕ ਕਦਰ ਕਰਦੇ ਨੇ। ਪਾਰਟੀ ਦਾ ਵਫ਼ਾਦਾਰ ਬੰਦਾ, ਨਾ ਦਿਨ ਵਿੰਹਦੈ ਨਾ ਰਾਤ। ਚੌਵੀ ਘੰਟੇ ਪਾਰਟੀ ਦੇ ਹਰ ਪ੍ਰੋਗਰਾਮ ਲਈ ਤਿਆਰ ਬਰ ਤਿਆਰ। ਜਗਤ ਸਿੰਘ ਜੱਗਾ ਦੇ ਪੋਤੇ ਨੇ ਪੜ੍ਹਾਈ 'ਚ ਮੱਲਾਂ ਮਾਰੀਆਂ, ਐਮ.ਐਸ. ਸੀ.ਬੀ. ਐੱਡ ਦੀਆਂ ਡਿਗਰੀਆਂ ਫਸਟ ਡਵੀਜਨ ਵਿੱਚ। ਇੰਟਰਵਿਊ ਹੋਈ, ਕਿਸੇ ਨੇ ਪੁੱਛਿਆ ਨਹੀਂ ਨੰਬਰਾਂ ਨੂੰ। ਆਖ਼ਰ ਥੱਕ ਹਾਰ ਕੇ ਮੁੱਖ ਮੰਤਰੀ ਕੋਲ ਜਾ ਫਰਿਆਦ ਕੀਤੀ ਉਹਦੇ ਘਰ, ਪੋਤੇ ਨੂੰ ਨਾਲ ਲੈ ਗਿਐ।

ਮਿਹਰ : ਫਿਰ ਮਿਲ ਗਈ ਨੌਕਰੀ ਉਹਨੂੰ?

ਸੰਧੂ : ਨੌਕਰੀ ਕਿੱਥੇ? ਹਾਰ ਹੰਭ ਕੇ ਮੇਰੇ ਕੋਲ ਆਏ। ਆਪਾਂ ਭੇਜਿਆ ਸਿੱਧਾ ਈ ਅਮਰੀਕਾ। ਉਹ ਨੌਜਵਾਨ ਬਿਸਤਰੇ ਉਪਰ ਡਾਲਰ ਵਿਛਾ ਕੇ ਸੌਂਦਾ ਏ।
*(ਹੱਸਦਾ ਹੈ, ਪ੍ਰਕਾਸ਼ ਸਿੰਘ ਵੀ ਹੱਸਦਾ ਹੈ, ਮਿਹਰ ਉਦਾਸੀ ਅਤੇ ਹੈਰਾਨੀ ਵਿੱਚ ਸਟਿੱਲ ਹੋ ਜਾਂਦਾ ਹੈ)*

## *ਦ੍ਰਿਸ਼ ਚਾਰ*

ਸਥਾਨ : *ਸੁਰਜੀਤ ਸਿੰਘ ਦੇ ਘਰ ਦਾ ਵਿਹੜਾ। ਪਹਿਲਾਂ ਵਾਂਗ ਹੀ ਦੋ ਮੰਜੀਆਂ ਅਤੇ ਇੱਕ ਪਾਸੇ ਦੋ ਕੁਰਸੀਆਂ ਪਈਆਂ ਨਜ਼ਰ ਆਉਂਦੀਆਂ ਹਨ। ਸੁਰਜੀਤ ਸਿੰਘ ਇਕੱਲਾ ਹੀ ਘਰ ਦੇ ਵਿਹੜੇ ਵਿੱਚ ਹੌਲੀ-ਹੌਲੀ ਘੁੰਮ ਰਿਹਾ ਹੈ, ਆਪਣੇ ਆਪ ਨਾਲ ਹੀ ਗੱਲਾਂ ਕਰ ਰਿਹਾ ਹੈ।*

ਸੁਰਜੀਤ : *(ਆਪਣੇ ਆਪ ਨਾਲ)* ਕਿਹੋ ਜਿਹਾ ਜ਼ਮਾਨਾ ਆ ਗਿਐ..... ਕੀ ਥੁੜ੍ਹਿਆ ਸੀ ਇਹੋ ਜਿਹੇ ਕੁੱਤੇ ਸਮਿਆਂ ਤੋਂ। ਪੈਸੇ ਪਿੱਛੇ ਇੰਨੀ ਦੌੜ..... ਪਾਗਲ ਹੋ ਗਈ ਸਾਰੀ ਦੁਨੀਆ ਡਾਲਰਾਂ ਪਿੱਛੇ, ਡਾਲਰਾਂ ਦੇ ਗੁਲਾਮ ਹੋ ਗਏ ਇਸ ਧਰਤੀ ਦੇ ਅੰਨ੍ਹੇ ਕਾਣੇ ਲੋਕ.... ਇਹਨਾਂ ਦੇ ਚੱਕਰਵਿਊ ਵਿੱਚ ਮੇਰਾ ਭੋਲਾ ਭਾਲਾ ਪੁੱਤਰ ਵੀ ਫਸ ਗਿਐ........ ਮਿਹਰਾਂ ਕਰੀਂ ਦਾਤਿਆ ਮੇਰੇ ਮਿਹਰ ਸਿੰਘ 'ਤੇ, ਪੜ੍ਹਾਈ 'ਚ ਵਧੀਆ ਨੰਬਰ ਲੈ ਰਿਹਾ ਸੀ, ਸਾਰੇ ਮਾਸਟਰ ਸਿਫ਼ਤਾਂ ਕਰਦੇ ਸੀ ਮਿਹਰ ਸਿੰਘ ਦੀਆਂ.... ਕੀ ਪਤੈ ਬਿਗਾਨੀ ਧਰਤੀ 'ਤੇ ਕਿਵੇਂ ਰਹੇਗਾ, ਕਿਹੜਾ ਕੰਮ ਕਰੇਗਾ.....

*(ਪ੍ਰਕਾਸ਼ ਆਉਂਦਾ ਹੈ)*

ਪ੍ਰਕਾਸ਼ : ਸੁਰਜੀਤ ਸਿੰਹਾਂ, ਆਪਣੇ ਆਪ ਈ ਬੋਲੀ ਜਾ ਰਿਹੈਂ?

ਸੁਰਜੀਤ : (ਉਦਾਸੀ ਵਿੱਚ ਅੱਖਾਂ ਭਰਦੇ ਹੋਏ) ਵਕਤ ਹੀ ਇਵੇਂ ਦਾ ਵੇਖਣਾ ਪੈ ਰਿਹੈ.... ਆਪਣੇ ਆਪ ਨਾਲ ਹੀ ਗੱਲਾਂ.....

ਪ੍ਰਕਾਸ਼ : ਵਕਤ ਤਾਂ ਨਜ਼ਾਰੇ ਵਰਗੈ, ਮਜਬੂਰੀਆਂ ਖਤਮ ਹੋ ਗਈਆਂ ਸਮਝੋ। ਐਸ਼ ਕੈਸ਼ ਤਾਂ ਹੁਣ ਹੀ ਚੱਲੇਗਾ।

ਸੁਰਜੀਤ : ਚੰਗੀ ਰੋਟੀ ਖਾ ਰਹੇ ਸੀ। ਸੋਲਾਂ ਕਿਲੇ ਚਾਹੀ ਜ਼ਮੀਨ, ਬਥੇਰੀ ਫਸਲ ਪੈਦਾ ਕਰਦੀ ਏ, ਮੰਡੀ ਵਿੱਚ ਦਾਣਿਆਂ ਦੇ ਵੱਡੇ ਵੱਡੇ ਢੇਰ ਵੇਖ ਮਨ ਬਾਗੋ ਬਾਗ ਹੋ ਜਾਂਦੈ।



ਪ੍ਰਕਾਸ਼ : ਕਿੱਥੇ ਪੈਲੀਆਂ ਤੇ ਕਿੱਥੇ ਅਮਰੀਕਾ ਦੀ ਕਮਾਈ! ਮੇਰਾ ਮਤਲਬ ਏ ਕਿੱਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ!

ਸੁਰਜੀਤ : ਘਰ ਰੌਣਕ ਲੱਗੀ ਸੀ। ਦੋਵੇਂ ਨਿਆਣੇ ਆਪਸ ਵਿੱਚ ਗੱਲਾਂ ਬਾਤਾਂ ਕਰਦੇ ਨੇ, ਥਕਾਵਟ ਉਤਰ ਜਾਂਦੀ ਏ। ਮਿਹਰ ਸਿੰਘ ਦੇ ਜਾਣ ਨਾਲ ਘਰ ਖਾਲੀ ਖਾਲੀ...... ਮੇਜਰ ਸਿੰਘ ਕਿਹਦੇ ਨਾਲ ਗੱਲਾਂ ਕਰਦਾ ਹੱਸਿਆ ਕਰੇਗਾ।

ਪ੍ਰਕਾਸ਼ : ਨਿਆਣਿਆਂ ਦੀ ਸੈਟਿੰਗ ਤਾਂ ਕਰਨੀ ਪੈਣੀ ਏ ਇੱਕ ਦਿਨ। ਰੱਬ ਦਾ ਸ਼ੁਕਰ ਕਰ, ਟਾਈਮ ਸਿਰ ਗੱਲ ਬਣ ਗਈ। ਹੋਰ ਚਾਰ ਦਿਨਾਂ ਨੂੰ ਅਮਰੀਕਾ ਪਹੁੰਚਿਆ ਸਮਝ। ਬਾਕੀ ਜੀਅ ਕਿੱਥੇ ਗਏ ਨੇ?

ਸੁਰਜੀਤ : ਉਹ ਗਏ ਨੇ ਫਕੀਰਾ ਦੇ ਦੁਆਰੇ। ਪੂਰਾ ਪਖੰਡੀ ਸਾਧ ਏ, ਉਹਦੇ ਕੋਲੋ ਅਸ਼ੀਰਵਾਦ ਲੈਣ ਗਈ ਏ ਕਮਲੇਸ਼ ਕੌਰ ਤੇ ਮਿਹਰ ਸਿੰਘ ਦੋਵੇਂ ਹੀ। ਛੋਟਾ ਮੇਜਰ ਸਕੂਲ ਗਿਐ।

ਪ੍ਰਕਾਸ਼ : ਇਹ ਵੀ ਚੰਗਾ ਈ ਕੀਤੈ ਉਹਨਾਂ, ਮਹਾਂਪੁਰਸ਼ਾਂ ਦੇ ਦਰਸ਼ਨ ਕਰਕੇ ਤੁਰੀਏ ਤਾਂ ਕਾਰਜ ਆਪੇ ਰਾਸ ਹੋ ਜਾਂਦੇ ਨੇ।

ਸੁਰਜੀਤ : ਮੈਨੂੰ ਪਤੈ ਉਹ ਕਿੰਨਾ ਕੁ ਵੱਡਾ ਮਹਾਂਪੁਰਸ਼ ਏ।

ਪ੍ਰਕਾਸ਼ : ਸੁਰਜੀਤ ਸਿੰਹਾਂ, ਜਿਹੜਾ ਬੰਦਾ ਰੱਬ ਦਾ ਨਾਂ ਲੈਂਦੈ, ਉਹ ਭਗਤ ਹੁੰਦੈ। ਉਹਨੂੰ ਮੱਥਾ ਟੇਕਨ ਨਾਲ ਸਾਡੀ ਕੋਈ ਫੀਤੀ ਤਾਂ ਨਹੀਂ ਲਹਿ ਜਾਂਦੀ।

ਸੁਰਜੀਤ : ਪੈ ਜਾਓ ਲੰਮੇ ਇਹਨਾਂ ਸਾਧਾਂ ਮੂਹਰੇ, ਲਕੀਰ ਦੇ ਫਕੀਰ।

ਪ੍ਰਕਾਸ਼ : ਮਾੜਾ ਨਹੀਂ ਬੋਲਣਾ ਚਾਹੀਦੈ, ਤੂੰ ਨਾ ਟੇਕ ਮੱਥਾ ਉਹਨਾਂ ਨੂੰ। ਤੈਨੂੰ ਤਾਂ ਸ਼ਾਮ ਨੂੰ ਦੋ ਚਾਰ ਪੈੱਗ ਚਾਹੀਦੇ ਨੇ, ਉਹ ਲਾਈ ਜਾਇਆ ਕਰ।

ਸੁਰਜੀਤ : ਆਪਣੀ ਕਮਾਈ 'ਚੋਂ ਹੀ ਪੀਂਦਾ ਵਾਂ, ਕਿਸੇ ਦਾ ਖ਼ੂਨ ਤਾਂ ਨਹੀਂ ਪੀਂਦਾ। ਫਿਰ ਵੀ ਤੇਰੀ ਭੈਣ ਹਰ ਵੇਲੇ ਸ਼ਰਾਬ 'ਤੇ ਹੀ ਤਵਾ ਲਾਈ ਰੱਖਦੀ ਏ।

*(ਕਮਲੇਸ਼ ਅਤੇ ਮਿਹਰ ਸਿੰਘ ਆਉਂਦੇ ਹਨ)*

ਕਮਲੇਸ਼ : ਵੀਰ ਜੀ ਆ ਗਏ। *(ਖ਼ੁਸ਼ੀ ਵਿੱਚ)* ਬਾਬਾ ਜੀ ਨੇ ਵੀ

ਅਸ਼ੀਰਵਾਦ ਦਿੱਤੈ ਕਿ ਰਾਹ ਵਿੱਚ ਮਿਹਰ ਬੇਟੇ ਲਈ ਸੱਤੇ ਖੈਰਾਂ।

ਸੁਰਜੀਤ : ਅਸ਼ੀਰਵਾਦ ਤਾਂ ਸੰਧੂ ਏਜੰਟ ਪਹਿਲਾਂ ਹੀ ਦੇ ਗਿਆ ਸੀ।

ਪ੍ਰਕਾਸ਼ : ਸੰਧੂ ਵੀ ਤਾਂ ਇਹਨਾਂ ਮਹਾਂਪੁਰਸ਼ਾਂ ਨੂੰ ਮੰਨਦਾ ਏ ਦਿਲੋਂ, ਇਸੇ ਕਰਕੇ ਉਹਦੀ ਗੇਮ ਚੱਲੀ ਏ।
*(ਕਮਲੇਸ਼ ਨੂੰ)*
ਭੈਣ, ਸਾਰਾ ਸਮਾਨ ਪਾ ਲਿਐ ਬੈਗ 'ਚ?

ਕਮਲੇਸ਼ : ਉਹ ਤਾਂ ਰਾਤ ਦਾ ਹੀ ਪਾ ਲਿਐ ਵੀਰ ਜੀ, ਕਦੋਂ ਕੁ ਚਲਣੈਂ?

ਪ੍ਰਕਾਸ਼ : ਹੁਣ ਚੱਲਣ ਦੀ ਕਰੋ, ਪਾਂਧਾ ਨਾ ਪੁੱਛੋ ਹੁਣ।

ਮਿਹਰ : *(ਪ੍ਰਕਾਸ਼ ਨੂੰ)* ਮਾਮਾ ਜੀ, ਮੈਂ ਪੰਜ ਮਿੰਟ ਸਾਇਕਲ 'ਤੇ ਜਾ ਕੇ ਸਾਗਰ ਸਰ ਨੂੰ ਮਿਲ ਆਵਾਂ ਸਕੂਲੇ?

ਪ੍ਰਕਾਸ਼ : ਕਾਕਾ ਜੀ, ਮਾਸਟਰ ਨੂੰ ਮਿਲਿਆਂ ਲੇਟ ਹੋ ਜਾਵਾਂਗੇ। ਉਸ ਮਾਸਟਰ ਨੇ ਹੋਰ ਈ ਹੀਰ ਰਾਂਝੇ ਦੀਆਂ ਕਹਾਣੀਆਂ ਪਾਉਣ ਲੱਗ ਪੈਣੈ।

ਮਿਹਰ : ਪਤਾ ਨਹੀਂ ਫਿਰ ਸਾਗਰ ਸਰ ਨੂੰ ਕਦੋਂ ਮਿਲਾਂਗਾ। *(ਰੋਣਹਾਕਾ ਹੋ ਜਾਂਦਾ ਹੈ)* ਮਾਮਾ ਜੀ, ਨਹੀਂ ਜਾਂਦਾ ਸਕੂਲ। ਦੋ ਮਿੰਟ ਆਪਣੇ ਹਵੇਲੀ 'ਚੋਂ ਹੋ ਆਵਾਂ। ਮੱਝਾਂ, ਕੱਟੀਆਂ ਵੇਖ ਆਵਾਂ।

ਪ੍ਰਕਾਸ਼ : ਮਿਹਰ ਬੇਟੇ, ਹੁਣ ਤੂੰ ਡੰਗਰਾਂ ਦੇ ਮੱਥੇ ਲੱਗੇਂਗਾ। ਡੇਰੇ ਜਾ ਕੇ ਬਾਬਾ ਜੀ ਦੇ ਮੱਥਾ ਟੇਕ ਕੇ ਆਇਐਂ।
*(ਮਿਹਰ ਸਿੰਘ ਦੀਆਂ ਅੱਖਾਂ ਵਿੱਚ ਹੰਝੂ ਆ ਜਾਂਦੇ ਹਨ, ਸੁਰਜੀਤ ਸਿੰਘ ਦੀਆਂ ਅੱਖਾਂ ਵਿੱਚੋਂ ਵੀ ਅੱਥਰੂ ਕਿਰਨ ਲੱਗਦੇ ਹਨ)*

ਸੁਰਜੀਤ : ਮਿਹਰ ਸਿੰਘ ਨੂੰ ਹਿੱਕ ਨਾਲ ਲਾ ਕੇ) ਆਪਣਾ ਖਿਆਲ ਰੱਖੀਂ। ਤੇਰੇ ਜਾਣ ਬਾਅਦ ਘਰ ਵੱਢ ਖਾਣ ਨੂੰ ਪਵੇਗਾ।
*(ਰੋਣ ਲਗਦਾ ਹੈ, ਮਿਹਰ ਸਿੰਘ ਦਾ ਮਿੱਤਰ ਜੱਸ ਆਉਂਦਾ ਹੈ, ਮਿਹਰ ਸਿੰਘ ਅਤੇ ਜੱਸ ਜੱਫੀ ਪਾ ਕੇ ਮਿਲਦੇ ਹਨ)*

ਮਿਹਰ : ਕਿਵੇਂ ਜੱਸ?



ਜੱਸ : ਸਕੂਲੋਂ ਆਇਆਂ ਇੱਕ ਪੀਰੀਅਡ ਦੀ ਛੁੱਟੀ ਲੈ ਕੇ ਸਾਗਰ ਸਰ ਕੋਲੋਂ। ਸਰ ਤੈਨੂੰ ਯਾਦ ਕਰਦੇ ਸੀ।

ਮਿਹਰ : ਮੈਂ ਵੀ ਤਾਂ ਉਹਨਾਂ ਨੂੰ..... ਉਹ ਸਦਾ ਮੈਨੂੰ ਯਾਦ ਆਉਣਗੇ, ਨਾਲੇ ਤੂੰ ਵੀ ਜੱਸ। ਮੈਂ ਤੈਨੂੰ ਫੂਨ ਕਰਦਾ ਰਹਾਂਗਾ।

ਪ੍ਰਕਾਸ਼ : ਚੱਲ ਪੁੱਤਰ ਮਿਹਰ ਸਿੰਘ, ਲੈ ਰੱਬ ਦਾ ਨਾਂ ਚਾਲੇ ਪਾਈਏ। ਬਾਹਰ ਕਾਰ ਉਡੀਕਦੀ ਪਈ ਏ, ਆਪਾਂ ਠੀਕ ਟੈਮ ਤੇ ਪੁਹੰਚਣਾ ਦਿੱਲੀ, ਸੰਧੂ ਦੇ ਦਫ਼ਤਰ। ਅੱਗੋਂ ਉਹਦੀ ਜਿੰਮੇਵਾਰੀ ਏ।

ਕਮਲੇਸ਼ : *(ਮਿਹਰ ਸਿੰਘ ਨੂੰ ਪਿਆਰ ਦਿੰਦੀ ਹੋਈ)* ਚੱਲ ਪੁੱਤਰ, ਰੱਬ ਅੰਗ ਸੰਗ ਸਹਾਈ ਹੋਵੇ। ਸਦਾ ਖੁਸ਼ ਰਹੇਂ। ਕਾਰ 'ਚ ਬੈਠਣ ਦੀ ਕਰ, ਪੰਮੋ ਕੁਲਹਿਣੀ ਦੀ ਨਹਿਸ਼ੀ ਨਜ਼ਰ ਨਾ ਪੈ ਜਾਏ ਮੇਰੇ ਪੁੱਤਰ 'ਤੇ।
*(ਮਿਹਰ ਸਿੰਘ ਆਪਣੇ ਮਾਤਾ, ਪਿਤਾ ਦੇ ਪੈਰੀਂ ਹੱਥ ਲਾਉਂਦਾ ਹੈ, ਮਿਹਰ ਸਿੰਘ ਵਾਰ ਵਾਰ ਆਪਣੇ ਘਰ ਵੱਲ ਅਤੇ ਆਪਣੇ ਮਾਪਿਆਂ ਵੱਲ ਵੇਖਦਾ ਹੈ)*

ਗੀਤ : *(ਸੁਰਜੀਤ ਸਿੰਘ ਨੂੰ ਸੁਣਦਾ ਜਾਪ ਰਿਹਾ ਹੈ)*
ਤੂੰ ਹੁਸੀਨ ਦੁਨੀਆਂ ਆਪਣੀ ਬਣਾਏਂ
ਜਿੱਥੇ ਜਾਵੇਂ ਮਹਿਕਾਂ ਵੰਡਦਾ ਹੀ ਜਾਵੇਂ।

(ਹਨੇਰਾ)

## *ਦ੍ਰਿਸ਼ ਪੰਜ*

ਸਥਾਨ : *ਸੁਰਜੀਤ ਸਿੰਘ ਦੇ ਘਰ ਦਾ ਵਿਹੜਾ। ਸੁਰਜੀਤ ਸਿੰਘ ਸੋਚਾਂ ਵਿੱਚ ਗੁਆਚਾ ਵਿਹੜੇ ਵਿੱਚ ਹੌਲੀ ਹੌਲੀ ਘੁੰਮ ਰਿਹਾ ਹੈ। ਉਦਾਸ ਸੰਗੀਤ ਦੀਆਂ ਸੁਰਾਂ ਨੇ ਸਮੁੱਚੇ ਮਾਹੌਲ ਨੂੰ ਗ਼ਮਗੀਨ ਬਣਾ ਦਿੱਤਾ ਹੈ। ਮਾਸਟਰ ਸੁਖਦੇਵ ਸਾਗਰ ਦੇ ਆਉਣ ਨਾਲ ਸੁਰਜੀਤ ਸਿੰਘ ਸੋਚਾਂ ਦੇ ਸਮੁੰਦਰ ਵਿੱਚੋਂ ਬਾਹਰ ਆ ਜਾਂਦਾ ਹੈ।*

ਸੁਰਜੀਤ : ਸਾਸਰੀ ਕਾਲ ਮਾਸਟਰ ਜੀ, ਧੰਨ ਭਾਗ ਸਾਡੇ, ਘਰ ਆ ਕੇ ਵਿਹੜਾ ਪਵਿੱਤਰ ਕਰ ਦਿੱਤੈ।

ਸਾਗਰ : *(ਹੱਸਦੇ ਹੋਏ)* ਮੇਰੇ ਆਉਣ ਨਾਲ ਵਿਹੜਾ ਪਵਿੱਤਰ ਹੋ ਗਿਐਂ! ਮੈਂ ਤਾਂ ਵੋਟਾਂ ਦੇ ਫਾਰਮਾਂ ਤੇ ਤੁਹਾਡੇ ਦਸਤਖਤ ਕਰਾਉਣ ਆਇਆਂ।

ਸੁਰਜੀਤ : ਬੈਠੋ ਮਾਸਟਰ ਜੀ ਕੁਰਸੀ 'ਤੇ।
*(ਸੁਖਦੇਵ ਸਾਗਰ ਕੁਰਸੀ 'ਤੇ ਬੈਠ ਜਾਂਦਾ ਹੈ)*
ਦਸਤਖ਼ਤ ਜਿਥੇ ਮਰਜ਼ੀ ਕਰਾ ਲਓ, ਕਮਲੇਸ਼ ਦਾ ਅੰਗੂਠਾ ਵੀ ਮੈਂ ਲਾ ਦਿਆਂਗਾ। ਚਾਹ, ਦੁੱਧ, ਕੋਲਡ ਡਰਿੰਕ ਜਾਂ ਸਾਦਾ ਪਾਣੀ, ਕੀ ਪੀਓਗੇ?

ਸਾਗਰ : ਸਾਦਾ ਪਾਣੀ ਥੋੜਾ ਗਰਮ ਕਰ ਦਿਓ।

ਸੁਰਜੀਤ : ਉਹ ਤਾਂ ਇਸ ਥਰਮਸ 'ਚ ਹੈ ਵੇ ਬਥੇਰਾ।
*(ਗਲਾਸ ਵਿੱਚ ਗਰਮ ਪਾਣੀ ਪਾਉਂਦਾ ਹੈ)*

ਸਾਗਰ : ਹਾਂ ਸੱਚ ਯਾਦ ਆਇਆ, ਮਿਹਰ ਸਿੰਘ ਅਮਰੀਕਾ ਪਹੁੰਚ ਗਿਆ ਏ ਨਾ?

ਸੁਰਜੀਤ : ਨਹੀਂ ਮਾਸਟਰ ਜੀ, ਮੈਕਸੀਕੋ ਬੈਠੈ ਪਿਛਲੇ ਵੀਹ ਦਿਨਾਂ ਤੋਂ। ਰੋਜ਼ ਇਕ ਦੋ ਮਿੰਟ ਫ਼ੂਨ ਲਾ ਦਿੰਦੈ ਵਿਚਾਰਾ। ਪਤਾ ਨਹੀਂ ਕਿਸ ਹਾਲ ਵਿੱਚ ਰਹਿੰਦਾ ਹੋਵੇਗਾ। ਰੋਟੀ ਵੀ ਚੰਗੀ ਮਿਲਦੀ ਏ ਕਿ ਨਹੀਂ, ਸੋਚ ਸੋਚ ਕੇ ਸਿਰ ਨੂੰ ਚੱਕਰ ਆ ਜਾਂਦੇ ਨੇ।



ਸਾਗਰ : ਰੋਟੀ ਦਾ ਨਾਂ ਹੀ ਹੁੰਦੈ, ਕਈਆਂ ਨੇ ਦੱਸਿਐ ਕਿ ਦਾਲ ਵਿੱਚ ਨਿਰਾ ਪਾਣੀ ਹੁੰਦੈ ਨਮਕ ਵਾਲਾ, ਦਾਲ ਦਾ ਦਾਣਾ ਚੁੱਭੀ ਮਾਰਿਆਂ ਹੀ ਹੱਥ ਆਉਂਦੈ।

ਸੁਰਜੀਤ : ਫ਼ਿਕਰ ਵੀ ਤਾਂ ਇਹੋ ਲੱਗਾ ਰਹਿੰਦੈ। ਏਜੰਟ ਕਹਿੰਦੈ ਜਿਸ ਦਿਨ ਸਾਡੇ ਬੰਦੇ ਦੀ ਡਿਊਟੀ ਲੱਗੀ ਬਾਰਡਰ 'ਤੇ ਉਸੇ ਦਿਨ ਮੁੰਡਾ ਅਮਰੀਕਾ ਪਹੁੰਚਿਆ ਸਮਝੋ।

ਸਾਗਰ : ਤੁਹਾਡੇ ਏਜੰਟ ਦਾ ਤਾਂ ਪਤਾ ਨਹੀਂ ਕਿਸ ਕਿਸਮ ਦਾ ਏ। ਬਹੁਤੇ ਏਜੰਟ ਨਹੀਂ ਪਰਵਾਹ ਕਰਦੇ। ਕਈਆਂ ਨੇ ਤਾਂ ਭੋਲੇ ਭਾਲੇ ਨੌਜਵਾਨਾਂ ਨੂੰ ਮੌਤ ਦੇ ਮੂੰਹ ਵਿੱਚ ਧੱਕ ਦਿੱਤੈ। ਘਰਾਂ ਦੇ ਘਰ ਬਰਬਾਦ ਹੋ ਗਏ। ਪੈਸੇ ਵੀ ਗਏ, ਪਲੇ ਪਲਾਏ ਪੁੱਤਰ ਵੀ ।

ਸੁਰਜੀਤ : *(ਘਬਰਾਹਟ ਵਿੱਚ)* ਤਾਹੀਉਂ ਤਾਂ ਮੈਂ ਭੇਜਦਾ ਨਹੀਂ ਸੀ ਬਾਹਰ। ਮੈਂ ਤਾਂ ਚਾਹੁੰਦਾ ਸੀ ਉਹ ਇਥੇ ਪੜ੍ਹੇ, ਕੋਈ ਨੌਕਰੀ ਮਿਲ ਹੀ ਜਾਂਦੀ ਏ। ਖੁੱਲ੍ਹੀ ਜ਼ਮੀਨ ਏ ਆਪਣੀ, ਬੰਦਾ ਜਿੰਨਾ ਮਰਜ਼ੀ ਖਾ ਲਏ, ਪੈਸੇ ਨਹੀਂ ਮੁੱਕਦੇ। ਪਰ... ਘਰ ਵਾਲੀ ਤੇ ਉਹਦੇ ਭਰਾ ਨੇ ਮੇਰੀ ਇੱਕ ਨਹੀਂ ਚੱਲਣ ਦਿੱਤੀ।

ਸਾਗਰ : ਸਾਡੇ ਲੋਕ ਮਾਇਆ ਨੂੰ ਹੀ ਰੱਬ ਸਮਝਦੇ ਨੇ। ਵਿੱਦਿਆ ਤੋਂ ਬਿਨਾਂ ਬੰਦਾ ਹੈ ਕੀ?

ਸੁਰਜੀਤ : ਡੰਗਰ।

ਸਾਗਰ : ਹਾਂ, ਵਿਦਵਾਨ ਲੋਕ ਕਿੰਨੀਆਂ ਵੱਡੀਆਂ ਵੱਡੀਆਂ ਕੁਰਸੀਆਂ 'ਤੇ ਬਿਰਾਜਮਾਨ ਨੇ। *(ਗੱਲ ਬਦਲਦਾ ਹੋਇਆ)* ਮੈਂ ਤੁਹਾਨੂੰ ਮੋਬਾਇਲ 'ਤੇ ਵੀਡੀਓ ਵਿਖਾਉਂਦਾ ਹਾਂ ਪਰਦੇਸ ਜਾ ਰਹੇ ਨੌਜਵਾਨ ਦੀ।

ਸੁਰਜੀਤ : ਜ਼ਰਾ ਰੁਕਿਓ, ਮੈਨੂੰ ਇੱਕ ਪੈੱਗ ਲਾ ਲੈਣ ਦਿਓ। ਮੇਰਾ ਦਿਲ ਬੜਾ ਕਮਜ਼ੋਰ ਏ ਮਾਸਟਰ ਜੀ।
*(ਪੈੱਗ ਪੀਂਦਾ ਹੈ)*

ਸਾਗਰ : ਵੇਖਿਓ ਜ਼ਰਾ ਕਿੰਨੀ ਮਾੜੀ ਹੋਈ ਉਸ ਨੌਜਵਾਨ ਨਾਲ। (ਹਨ੍ਹੇਰਾ ਹੋਣ ਤੋਂ ਬਾਅਦ ਸਟੇਜ ਦੇ ਇੱਕ ਪਾਸੇ ਰੋਸ਼ਨੀ ਨਜ਼ਰ ਆਉਂਦੀ ਹੈ।
*(ਠੁਣੀਆ ਏਜੰਟ ਦੇ ਮੋਬਾਇਲ ਫੂਨ ਦੀ ਘੰਟੀ ਖੜਕਦੀ*

*ਹੈ, ਉਹ ਸਪੀਕਰ ਆਨ ਕਰ ਦਿੰਦਾ ਹੈ, ਠੁਣੀਆ ਅਤੇ ਉਸਦੇ ਸੈਕਟਰੀ ਦੀ ਫ਼ੂਨ 'ਤੇ ਗੱਲਬਾਤ ਦਰਸ਼ਕਾਂ ਨੂੰ ਸੁਣਦੀ ਹੈ)*

ਠੁਣੀਆ : ਸੈਕਟਰੀ, ਹੈਲੋ!

ਸੈਕਟਰੀ : ਸਰ, ਬੜੀ ਮਾੜੀ ਖ਼ਬਰ ਏ।

ਠੁਣੀਆ : ਹੋਇਆ ਕੀ?

ਸੈਕਟਰੀ : ਸਾਡੇ ਟਿਕਾਣੇ ਦਾ ਪਤਾ ਲੱਗ ਗਿਐ ਪੁਲਿਸ ਨੂੰ।

ਠੁਣੀਆ : ਕਿਸ ਤੋਂ ਪਤਾ ਲੱਗੈ?

ਸੈਕਟਰੀ : ਮਾਈਕਲ ਪੁਲਿਸੀਏ ਤੋਂ।

ਠੁਣੀਆ : ਪੁਲਿਸ ਵਾਲੇ ਕੋਈ ਕਾਰਵਾਈ....

ਸੈਕਟਰੀ : ਮਾਈਕਲ ਨੇ ਦੱਸਿਆ ਕਿ ਜੰਗਲ ਵਾਲੇ ਟਿਕਾਣੇ ਨੂੰ ਪੁਲਿਸ ਘੇਰਾ ਪਾਉਣ ਲਈ ਚੱਲ ਪਈ ਏ।

ਠੁਣੀਆ : ਕੀ ਕਰੀਏ?

ਸੈਕਟਰੀ : ਮਾਈਕਲ ਕਹਿੰਦੈ ਖਿਸਕ ਜਾਓ। ਨਹੀਂ ਤਾਂ ਅੰਜਾਮ ਬਹੁਤ ਬੁਰਾ ਹੋਵੇਗਾ।

ਠੁਣੀਆ : ਠੀਕ ਏ, ਓ ਮੁੰਡਿਓ! ਇਧਰ ਆਓ, ਗੱਲ ਸੁਣੋ। *(ਜੱਗੂ ਨਾਂ ਦਾ ਨੌਜਵਾਨ ਆਉਂਦਾ ਹੈ)*
ਖਤਰਾ, ਖਤਰਾ....

ਜੱਗੂ : ਕੀ ਹੋਇਐ ਸਰ?

ਠੁਣੀਆ : ਖਤਰਾ, ਖਿਸਕ ਜਾਓ ਸਾਰੇ ਮੁੰਡੇ। ਜੱਗੂ, ਕਹਿ ਦੇ ਸਾਰਿਆਂ ਨੂੰ। ਪੁਲਿਸ ਨੇ ਇੱਕ ਵਾਰ ਫੜ੍ਹ ਲਿਆ ਤਾਂ ਸਾਰੀ ਉਮਰ ਜੇਲ੍ਹ ਵਿੱਚ ਸੜਨਾ ਪਵੇਗਾ।

ਜੱਗੂ : *(ਘਬਰਾਹਟ ਵਿੱਚ)* ਕਿਧਰ ਜਾਈਏ ਸਰ?

ਠੁਣੀਆ : ਕਿਸੇ ਪਾਸੇ ਵੀ ਨਿਕਲ ਜਾਓ। ਸਾਰੇ ਇੱਕ ਸਾਈਡ ਵੱਲ ਨਾ ਜਾਇਓ, ਕੱਲਾ ਕੱਲਾ ਵੱਖਰੀ ਵੱਖਰੀ ਸਾਈਡ ਨੂੰ ਤਿਤਰ ਹੋ ਜਾਓ।

ਜੱਗੂ : ਸਰ, ਸਾਨੂੰ ਕਿੱਥੇ ਮਿਲੋਗੇ?

ਠੁਣੀਆ : ਮੇਰੇ ਤੇ ਛੱਡ ਦਿਓ। ਅਸੀਂ ਕਿੰਨੀ ਵਾਰ ਇਥੋਂ ਮੁੰਡੇ ਭਜਾਏ ਨੇ, ਜੰਗਲ ਮੁੱਕੇਗਾ, ਰੇਤਲਾ ਇਲਾਕਾ ਆਏਗਾ। ਤੁਸੀਂ ਰੁਕਣਾ ਨਹੀਂ, ਮੇਰੇ ਬੰਦੇ ਹੋਣਗੇ ਕਾਲੀ ਵਰਦੀ ਵਿੱਚ। ਤੁਹਾਨੂੰ ਲੈ ਜਾਣਗੇ ਸੇਫ ਟਿਕਾਣੇ 'ਤੇ



ਦਸਾਂ ਨੂੰ ਹੀ। ਤੂੰ ਮੁੰਡਿਆਂ ਨੂੰ ਸਮਝਾ ਕੇ ਭਜਾ ਦੇ।

ਜੱਗੂ : ਠੀਕ ਏ ਸਰ ਜੀ, ਸਾਡਾ ਖਿਆਲ ਰੱਖਿਓ।

ਠੁਣੀਆ : ਡੋਂਟ ਵਰੀ ਐਟ ਆਲ।

ਜੱਗੂ : ਕੀ ਕਿਹਾ ਸਰ ਜੀ?

ਠੁਣੀਆ : ਚਿੰਤਾ ਨਾ ਕਰੋ, ਨਹੀਂ ਤਾਂ ਪੁਲਿਸ ਆ ਗਈ ਤਾਂ ਗੋਲੀ ਵੀ ਚਲਾ ਸਕਦੀ ਏ।

ਜੱਗੂ : ਠੀਕ ਏ ਸਰ, ਮੈਂ ਕਹਿਣਾ ਸਾਰਿਆਂ ਨੂੰ ਕਿ ਨਿਕਲ ਜਾਣ।

ਠੁਣੀਆ : ਓ.ਕੇ., ਓ.ਕੇ.।
*(ਸਟੇਜ 'ਤੇ ਹਨੇਰਾ ਹੁੰਦਾ ਹੈ ਕਿ ਪਲ ਬਾਅਦ ਫਿਰ ਰੋਸ਼ਨੀ ਸਟੇਜ ਦੇ ਇੱਕ ਹੋਰ ਸਥਾਨ 'ਤੇ ਪੈਂਦੀ ਹੈ, ਜੱਗੂ ਦੇ ਹੱਥ ਵਿੱਚ ਪਾਣੀ ਦੀ ਬੋਤਲ ਹੈ, ਬੋਤਲ ਵਿੱਚ ਥੋੜ੍ਹਾ ਜਿਹਾ ਪਾਣੀ ਬਚਿਆ ਹੈ)*

ਜੱਗੂ : *(ਲੜਖੜਾਉਂਦਾ ਹੋਇਆ)* ਜਾਨ ਨਹੀਂ ਰਹੀ ਸਰੀਰ 'ਚ। ਜੰਗਲ ਪਾਰ ਕੀਤਾ.... ਅੱਗੇ ਰੇਤਾ ਈ ਰੇਤਾ.... ਅੱਤ ਦੀ ਗਰਮੀ..... *(ਉੱਚੀ ਆਵਾਜ਼ ਵਿੱਚ)* ਕੋਈ ਹੈ ਮੇਰੀ ਵਾਜ ਸੁਣਨ ਵਾਲਾ, ਰੱਬਾ! ਤੂੰ ਈ ਸੁਣ ਲੈ..... ਇਥੇ ਕੋਈ ਨਹੀਂ ਮੈਨੂੰ ਆਸਰਾ ਦੇਣ ਵਾਲਾ... ਪਾਣੀ... ਦੋ ਘੁੱਟ ਰਹਿ ਗਿਐ। ਇਹ ਵੀ ਖਤਮ ਹੋਣ ਕੰਢੇ ਤੇ ਨਾਲ ਹੀ ਮੇਰਾ ਖਾਤਮਾ... ਮੇਰੇ ਗਰੀਬ ਮਾਪੇ ਮੈਨੂੰ ਕਿਥੋਂ ਲਭਣਗੇ.... ਕਿੱਥੇ ਕਿੱਥੇ ਟੱਕਰਾਂ ਮਾਰਨਗੇ.... ਖਤਮ ਹੋ ਜਾਣਗੇ ਮੇਰੀ ਵੀਡੀਓ ਵੇਖ ਕੇ *(ਮੋਬਾਇਲ ਵੱਲ ਵੇਖਦਾ ਹੈ)* ਮੰਮੀ, ਮੇਰੇ ਡੈਡੀ ਮੈਨੂੰ ਮਾਫ਼ ਕਰਨਾ.... ਮੈਂ ਅਮਰੀਕਾ ਜਾਣ ਦੀ ਅੜੀ ਲਾਈ ਰੱਖੀ ਤੇ ਅੱਜ ਇਸ ਰੇਤੇ ਵਿੱਚ.... *(ਬੋਤਲ ਵਿਚਲਾ ਬਚਿਆ ਦੋ ਘੁੱਟ ਪਾਣੀ ਪੀਂਦਾ ਹੈ)* ਰੱਬਾ! ਮਿਹਰ ਕਰ ਦਾਤਿਆ, ਮੀਂਹ ਹੀ ਪਵਾ ਦੇ। ਮੇਰੇ ਅੰਗ ਜਵਾਬ ਦਿੰਦੇ ਪਏ ਨੇ..... *(ਹੱਥੋਂ ਬੋਤਲ ਡਿੱਗ ਪੈਂਦੀ ਹੈ)* ਲੋਕੋ! ਰੁੱਖੀ ਸੁੱਖੀ ਖਾ ਲਓ ਆਪਣੇ ਘਰ 'ਚ .... ਮੇਰਾ ਘਰ... ਮੇਰਾ ਘਰ...
*(ਡਿੱਗ ਪੈਂਦਾ ਹੈ ਅਤੇ ਦਮ ਤੋੜ ਜਾਂਦਾ ਹੈ, ਰੋਸ਼ਨੀ ਇੱਕ ਵਾਰ ਫਿਰ ਸੁਰਜੀਤ ਸਿੰਘ ਦੇ ਘਰ ਦੇ ਵਿਹੜੇ 'ਤੇ*

*ਪੈਂਦੀ ਹੈ)*

ਸੁਰਜੀਤ ਸਿੰਘ : *(ਰੋਂਦਾ ਹੋਇਆ)* ਮੇਰਾ ਮਿਹਰ ਸਿੰਘ.... ਵਾਪਸ ਆ ਜਾ, ਸਾਡਾ ਇਥੇ ਈ ਅਮਰੀਕਾ ਏ....

ਸਾਗਰ : ਕੀ ਹੋਇਆ ਸੁਰਜੀਤ ਸਿੰਘ?

ਸੁਰਜੀਤ : ਮੈਂ ਨਹੀਂ ਰਹਿ ਸਕਦਾ ਆਪਣੇ ਮਿਹਰ ਸਿੰਘ ਬਿਨਾਂ।

ਸਾਗਰ : ਇਹ ਵੀਡੀਓ ਮਿਹਰ ਸਿੰਘ ਦੀ ਨਹੀਂ, ਇਹ ਤਾਂ ਕਿਸਮਤ ਦੇ ਮਾਰੇ ਕਿਸੇ ਨੌਜਵਾਨ ਦੀ ਏ, ਜੋ ਕਿਸੇ ਤਸਕਰ ਦੇ ਚੱਕਰਵਿਊ ਵਿਚ ਫਸ ਕੇ ਜਾਨ ਤੋਂ ਹੱਥ ਧੋ ਬੈਠਾ।

ਸੁਰਜੀਤ : ਪਰ ਮੇਰਾ ਦਿਲ ਕੰਬਦਾ ਪਿਐ।

*(ਸੁਰਜੀਤ ਸਿੰਘ ਇਕ ਪੈੱਗ ਹੋਰ ਪੀ ਲੈਂਦਾ ਹੈ, ਉਸਦੀ ਪਤਨੀ ਕਮਲੇਸ਼ ਕੌਰ ਆਉਂਦੀ ਹੈ। ਬੜੇ ਗੁੱਸੇ ਨਾਲ ਸੁਰਜੀਤ ਸਿੰਘ ਅਤੇ ਮਾਸਟਰ ਸੁਖਦੇਵ ਸਾਗਰ ਵੱਲ ਵੇਖਦੀ ਹੈ)*

ਕਮਲੇਸ਼ : *(ਸੁਰਜੀਤ ਨੂੰ)* ਵੇ ਤੂੰ ਦਿਨੇ ਹੀ ਡੱਫਨ ਲੱਗ ਪਿਐਂ।

ਸੁਰਜੀਤ : ਤੇਰੇ ਪਿਓ ਦੀ ਪੀਨਾਂ? ਮੇਰਾ ਘਰ, ਮੈਂ ਮਾਲਕ ਘਰ ਦਾ, ਪੀ ਵੀ ਨਹੀਂ ਸਕਦਾ।

ਕਮਲੇਸ਼ : ਤੇਰੇ ਪੁੱਠੇ ਦਿਨ ਆ ਗਏ ਨੇ ਕੁੱਤਿਆ! *(ਸਾਗਰ ਨੂੰ)* ਮਾਸਟਰਾ, ਤੂੰ ਹੀ ਕੋਈ ਚੁੰਝ ਲਾਈ ਲਗਦੀ ਏ। ਸਾਡੇ ਘਰ ਕੀ ਲੈਣ ਆਇਐਂ?

ਸਾਗਰ : ਮੈਂ ਤਾਂ ਵੋਟਾਂ ਦੇ ਫਾਰਮਾਂ 'ਤੇ ਤੁਹਾਡੇ ਸਾਈਨ ਕਰਵਾਉਣ ਆਇਆਂ।

ਕਮਲੇਸ਼ : ਕਰਾ ਲਓ ਸੈਨ *(ਸੁਰਜੀਤ ਨੂੰ)* ਹੁਣ ਪੀਵੀਂ ਤਾਂ ਤੈਨੂੰ ਤਾਰੇ ਨਾ ਵਿਖਾਏ ਤਾਂ ਕਹੀਂ।

ਸੁਰਜੀਤ : ਮੈਂ ਹੁਣੇ ਪੀਵਾਂਗਾ ਪਟਿਆਲਾ ਪੈੱਗ।

ਕਮਲੇਸ਼ : ਪੀ ਕੇ ਵਿਖਾ *(ਸੁਰਜੀਤ ਸਿੰਘ ਨੂੰ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਚੁਣੌਤੀ ਦਿੰਦੀ ਹੈ)*

ਸੁਰਜੀਤ : ਤੂੰ ਮੈਨੂੰ ਰੋਕੇਂਗੀ?

*(ਪ੍ਰਕਾਸ਼ ਸਿੰਘ ਆਉਂਦਾ ਹੈ)*

ਪ੍ਰਕਾਸ਼ : ਤੈਨੂੰ ਕੋਈ ਨਹੀਂ ਰੋਕਦਾ ਸੁਰਜੀਤ ਸਿੰਹਾਂ। ਅੱਜ ਰੱਜ ਕੇ ਪੀ ਤੇ ਬੱਕਰੇ ਬੁਲਾ।

ਕਮਲੇਸ਼ : ਕੀ ਹੋਇਆ ਵੀਰ?



ਪ੍ਰਕਾਸ਼ : ਵਧਾਈਆਂ ਹੋਣ, ਮਿਹਰ ਜਾ ਪਹੁੰਚਿਆ ਅਮਰੀਕਾ 'ਚ। ਮਠਿਆਈ ਦਾ ਡੱਬਾ ਮੈਂ ਆਪ ਹੀ ਲੈ ਆਇਆਂ। ਹੁਣ ਮਾਰੋ ਲੁੱਡੀਆਂ ਤੇ ਧਰਤੀ ਹਿਲਾ ਦਿਓ ਨੱਚ ਟੱਪ ਕੇ।

ਕਮਲੇਸ਼ : ਸ਼ੁਕਰ ਏ ਦਾਤਿਆ। ਧੰਨ ਧੰਨ ਬਾਬਾ ਫਕੀਰਾ, ਤੂੰ ਮਿਹਰ ਕਰਤੀ ਮੇਰੇ ਪੁੱਤਰ 'ਤੇ।

ਸੁਰਜੀਤ : *(ਅਥਾਹ ਖੁਸ਼ੀ ਵਿੱਚ)* ਭਾਅ ਜੀ ਤੁਹਾਡੇ ਮੂੰਹ 'ਚ ਪਏ ਸ਼ੱਕਰ।

ਪ੍ਰਕਾਸ਼ : *(ਸੁਰਜੀਤ ਨੂੰ)* ਸ਼ਕਰ ਨਹੀਂ, ਲਿਆ ਵਧੀਆ ਜਿਹੀ ਵਿਸਕੀ, ਮੁਰਗਾ ਮੰਗਾ ਲੈ ਹੋਟਲ ਤੋਂ ਬਣਿਆ ਬਣਾਇਆ। *(ਸਾਗਰ ਨੂੰ)* ਮਾਸਟਰ ਜੀ, ਤੁਸੀਂ ਮੂੰਹ ਮਿੱਠਾ ਕਰੋ।

ਸਾਗਰ : *(ਮਠਿਆਈ ਖਾਂਦਾ ਹੋਇਆ)* ਚੰਗਾ, *ਮੈਨੂੰ ਦਿਓ ਛੁੱਟੀ।*

*(ਸਾਗਰ ਚਲਾ ਜਾਂਦਾ ਹੈ)*

ਕਮਲੇਸ਼ : *(ਸਾਂਗ ਲਾ ਕੇ)* ਮੈਨੂੰ ਦਿਓ ਛੁੱਟੀ, ਤੈਨੂੰ ਅਸੀਂ ਰੱਸਾ ਪਾ ਕੇ ਰੋਕਿਐ! *(ਸੁਰਜੀਤ ਨੂੰ)* ਜਾ ਹੁਣ, ਡੋਲੂ ਭਰ ਲਿਆ ਬਣੇ ਬਣਾਏ ਮੀਟ ਦਾ ਹਜਾਰੇ ਦੇ ਹੋਟਲ ਤੋਂ

ਸੁਰਜੀਤ : *(ਖੁਸ਼ੀ ਵਿੱਚ)* ਪਰਵਾਹ ਨਹੀਂ, ਅੱਜ ਤਾਂ ਤੇਰੇ ਭਰਾ ਨੂੰ ਨਵ੍ਹਾ ਦਿਆਂਗਾ ਵਿਸਕੀ ਵਿੱਚ। ਮਨ 'ਤੇ ਬੋਝ ਪਿਆ ਸੀ ਕਿ ਮਿਹਰ ਕਿਸ ਹਾਲ 'ਚ ਹੋਏਗਾ, ਖੁਸ਼ਖ਼ਬਰੀ ਸੁਣਾਈ ਏ ਭਾਅ ਜੀ, ਅੱਜ ਰਾਤ ਨੀਂਦ ਚੰਗੀ ਆਏਗੀ।

ਪ੍ਰਕਾਸ਼ : ਰਾਤ ? ਅਜੇ ਰਾਤ ਬੜੀ ਦੂਰ ਏ, ਜਿੰਨੀ ਲੰਮੀ ਖਜੂਰ ਏ। ਤੂੰ ਵਗ ਜਾ ਹੁਣ ਹੋਟਲ ਵੱਲ ਤੇ ਠੇਕੇ ਵੱਲ ਵੀ।

*(ਸੁਰਜੀਤ ਚਲਾ ਜਾਂਦਾ ਹੈ)*

ਕਮਲੇਸ਼ : ਵੀਰ ਜੀ, ਮੈਂ ਲਿਆ ਕੇ ਮਠਿਆਈ, ਹੁਣੇ ਆਈ। ਅੱਜ ਗੁਆਂਢੀਆਂ ਨੂੰ ਬੁਲਾ ਕੇ ਰੌਣਕ ਮੇਲਾ ਲਾਵਾਂਗੇ। ਨੱਚਾਂਗੇ, ਗਾਵਾਂਗੇ, ਬੋਲੀਆਂ ਪਾਵਾਂਗੇ। ਪੰਮੋ ਨੂੰ ਧਰਨ ਪੈ ਜਾਵੇਗੀ।

*(ਜਾਂਦੀ ਹੈ)*

ਪ੍ਰਕਾਸ਼ : *(ਆਪਣੇ ਆਪ ਨਾਲ)* ਬਣ ਗਿਐ ਖੁਸ਼ੀਆਂ ਦਾ ਅਖਾੜਾ। ਅੱਜ ਇਹਨਾਂ ਸਾਰੇ ਜੀਆਂ ਦੀ ਅੱਡੀ ਨਹੀਂ

ਲੱਗਣੀ ਜ਼ਮੀਨ ’ਤੇ। ਸਦਕੇ ਜਾਈਏ ਸੰਧੂ ਏਜੰਟ ਦੇ, ਦਸ ਮੁੰਡੇ ਦਿੱਤੇ ਸੀ ਭਾਣਜੇ ਮਿਹਰ ਸਮੇਤ, ਸਾਰੇ ਈ ਪਾਰ ਲੱਗ ਗਏ। ਹਰ ਘਰ ਦੀਵਾਲੀ, ਨਿੱਤ ਦੀਵਾਲੀ। ਕਿਸੇ ਘਰ ਢੋਲ ਵੱਜਦਾ ਪਿਐ ਹੋਣੈਂ, ਬੋਤਲਾਂ ਦੇ ਡੱਟ ਖੁਲਦੇ ਪਏ ਹੋਣੇ ਨੇ, ਕੁੱਕੜਾਂ ਦੀ ਸ਼ਾਮਤ ਆਈ ਹੋਣੀ ਏ।

*(ਆਪਣੇ ਆਪ ਨੂੰ ਥਾਪੀ ਦਿੰਦਾ ਹੋਇਆ)*

ਵਾਹ ਓਏ ਪ੍ਰਕਾਸ਼ ਸਿੰਹਾਂ, ਇਹਨੂੰ ਕਹਿੰਦੇ ਨੇ ਦਿਮਾਗ। ਦਸ ਮੁੰਡਿਆਂ ਦਾ ਦਸ ਲੱਖ ਤੇਰੀ ਜੇਬ ’ਚ ਵੀ। ਹੀਂ ਹੀਂ ਹੀਂ.... (ਹੱਸਦਾ ਹੈ) ਸਾਰੇ ਮੌਜ ਉਡਾਓ

ਸੱਚੇ ਪਾਤਸ਼ਾਹ ਦੇ ਗੁਣ ਗਾਓ।

*(ਹਨ੍ਹੇਰਾ ਪੈ ਜਾਂਦਾ ਹੈ)*



## *ਦ੍ਰਿਸ਼ ਛੇ*

ਸਥਾਨ : *ਸੁਰਜੀਤ ਸਿੰਘ ਦੇ ਘਰ ਦੇ ਖੁੱਲ੍ਹੇ ਵਿਹੜੇ ਵਿੱਚ ਇਕ ਤਖ਼ਤ ਪੋਸ਼ ਨਜ਼ਰ ਆਉਂਦਾ ਹੈ, ਜਿਸ ਉਤੇ ਇਕ ਗੱਦਾ ਅਤੇ ਵਧੀਆ ਰੰਗਦਾਰ ਕੱਪੜਾ ਵਿਛਾਇਆ ਹੋਇਆ ਹੈ। ਤਖ਼ਤਪੋਸ਼ ਦੇ ਸਾਹਮਣੇ ਫਰਸ਼ ’ਤੇ ਵਿਛੀਆਂ ਦਰੀਆਂ ਦੀ ਸਥਿਤੀ ਤਿਰਛੀ ਹੈ ਤਾਂ ਕਿ ਤਖਤਪੋਸ਼ ’ਤੇ ਬੈਠਣ ਵਾਲਾ ਸਾਧ ਅਤੇ ਦਰੀਆਂ ਤੇ ਬੈਠਣ ਵਾਲੇ ਚੇਲਿਆਂ ਦੇ ਚਿਹਰੇ ਦਰਸ਼ਕਾਂ ਨੂੰ ਵਿਖਾਈ ਦੇਣ, ਨਾ ਕਿ ਉਹਨਾਂ ਦੀਆਂ ਪਿੱਠਾਂ ਦਰਸ਼ਕਾਂ ਵੱਲ ਹੋਣ। ਤਖਤਪੋਸ਼ ਦੇ ਬਿਲਕੁਲ ਨਾਲ ਇੱਕ ਮੇਜ ’ਤੇ ਕਮਲੇਸ਼ ਇੱਕ ਥਰਮਸ, ਕੁੱਝ ਕੱਪ ਅਤੇ ਮਿਠਾਈ ਦੇ ਡੱਬੇ ਰੱਖ ਰਹੀ ਹੈ।*

ਕਮਲੇਸ਼ : *(ਗਾਉਂਦੀ ਹੋਈ)* ਅੱਜ ਦਿਨ ਖੁਸ਼ੀਆਂ ਦਾ ਆਇਆ ਜੀ ਅੱਜ ਦਿਨ ਖੁਸ਼ੀਆਂ ਦਾ ਆਇਆ।

*(ਸੁਰਜੀਤ ਸਿੰਘ ਆਉਂਦਾ ਹੈ)*

ਸੁਰਜੀਤ : ਬੜੀ ਸਜਾਵਟ ਕੀਤੀ ਹੋਈ ਏ? ਕੋਈ ਖਾਸ ਬੰਦਾ ਆ ਰਿਹਾ ਕਮਲੇਸ਼ ਕੌਰੇ?

ਕਮਲੇਸ਼ : ਆਹੋ, ਖਾਸ ਹੀ ਆ ਰਿਹੈ। ਮਹਾਂਪੁਰਸ਼ਾਂ ਨੇ ਮਿਹਰ ਕੀਤੀ, ਮੁੰਡਾ ਅਮਰੀਕਾ ਅਪੜ ਗਿਐ ਬਾਬਾ ਫਕੀਰਾ ਦੀ ਕਿਰਪਾ ਨਾਲ। ਉਹਨਾਂ ਦੀ ਆਓ ਭਗਤ ਲਈ ਇੰਨਾ ਕੁ ਤਾਂ ਕਰਨਾ ਹੀ ਪੈਣੈ।

ਸੁਰਜੀਤ : ਮੁੰਡਾ ਤਾਂ ਪਹੁੰਚਿਆ ਏਜੰਟਾਂ ਦੇ ਆਸਰੇ, ਏਜੰਟ ਦੀ ਮਿਹਰਬਾਨੀ ਏ ਉਹਨੇ ਕੋਈ ਧੋਖਾ ਨਹੀਂ ਕੀਤਾ।

ਕਮਲੇਸ਼ : ਏਜੰਟ ਤਾਂ ਹੀਲਾ ਵਸੀਲਾ ਏ, ਭਗਤੀ ਤਾਂ ਸਾਰੀ ਸੰਤਾਂ ਮਹਾਂਪੁਰਸ਼ਾਂ ਦੀ ਏ, ਜਿਹਨਾਂ ਵਾਲ ਵਿੰਗਾ ਨਹੀਂ ਹੋਣ ਦਿੱਤਾ।

ਸੁਰਜੀਤ : ਤੇਰਾ ਬਾਬਾ ਜਹਾਜ਼ ਚਲਾਉਂਦਾ ਸੀ! ਨਾਲੇ ਬਾਰਡਰ ’ਤੇ ਪਹਿਰਾ ਦਿੰਦਾ ਹੋਣੈਂ ਮੈਕਸੀਕੋ!

ਕਮਲੇਸ਼ : ਆਹੋ ਪਹਿਰਾ ਦਿੰਦੇ ਰਹੇ ਮਹਾਂਪੁਰਸ਼। ਤੇਰੀ ਤਾਂ ਮੱਤ ਮਾਰ ਦਿੱਤੀ ਬੋਤਲਾਂ ਨੇ।

ਸੁਰਜੀਤ : ਮਿਹਰ ਪੂਰਾ ਮਹੀਨਾ ਮੈਕਸੀਕੋ ਬੜੇ ਮਾੜੇ ਹਾਲ ’ਚ ਰਿਹੈ। ਮਾੜੀ ਰੋਟੀ ਖਾ ਖਾ ਮੁੰਡੇ ਦਾ ਭਾਰ ਕਿੰਨਾ ਘੱਟ ਗਿਐ। ਜੇ ਬਾਬੇ ਵਿੱਚ ਕੋਈ ਸ਼ਕਤੀ ਹੁੰਦੀ ਤਾਂ ਮੁੰਡਾ ਪੂਰਾ ਮਹੀਨਾ ਖੱਜਲ ਖੁਆਰ ਨਾ ਹੁੰਦਾ।

ਕਮਲੇਸ਼ : ਅੱਜ ਮੇਰੇ ਨਾਲ ਬਹਿਸ ਨਾ ਕਰ। ਨਹੀਂ ਤਾਂ ਕੋਈ ਖੱਟੀ ਖੱਟ ਲਵੇਂਗਾ।

ਸੁਰਜੀਤ : ਘਰ ਸੁਲਾਹ ਸਫ਼ਾਈ ਨਾਲ ਚੱਲਦੇ ਨੇ।
*(ਤਖਤਪੋਸ਼ ’ਤੇ ਬੈਠ ਜਾਂਦਾ ਹੈ)*

ਕਮਲੇਸ਼ : *(ਭੜਕਦੀ ਹੋਈ)* ਕਿੱਥੇ ਬਹਿ ਗਿਐਂ, ਇਹ ਤਾਂ ਬਾਬਾ ਜੀ ਲਈ ਏ। ਥੱਲੇ ਦਰੀ ’ਤੇ ਮਰ ਪਾਪੀਆ।

ਸੁਰਜੀਤ : ਮੈਂ ਪਾਪੀ ਆਂ? ਪਾਪੀ ਕੌਣ ਏ, ਕਿਰਤ ਕਰਨ ਵਾਲਾ ਕਿ ਵਿਹਲੜ?

ਕਮਲੇਸ਼ : ਬਾਬਿਆਂ ਦੀ ਕਿਰਤ ਨਾਲ ਤੂੰ ਰਲ ਗਿਆ, ਸਾਰੀ ਰਾਤ ਭਗਤੀ ਕਰਦੇ ਨੇ ਰੱਬ ਦੀ। ਉਹਨਾਂ ਦੇ ਆਇਆਂ ਕੋਈ ਬਕਵਾਸ ਕੀਤਾ ਤਾਂ ਮੈਂ ਇੱਟ ਦਾ ਜਵਾਬ ਦਿਆਂਗੀ ਪੱਥਰ ਨਾਲ।

ਸੁਰਜੀਤ : ਤੇਰਾ ਬਾਬਾ ਮੇਰਾ ਜਮਾਤੀ ਸੀ। ਛੇਵੀਂ ਤੋਂ ਅਗਾਂਹ ਨਹੀਂ ਟੱਪਿਆ, ਹਰ ਪੀਰੀਅਡ ਵਿੱਚ ਮਾਸਟਰ ਉਹਨੂੰ ਖੜ੍ਹਾ ਕਰਕੇ ਡੰਡਾ ਪਰੇਡ ਕਰਦੇ ਸੀ। ਮੈਨੂੰ ਕਹਿੰਦੇ ਸੀ ਮਾਰ ਨੈਲਕ ਦੇ ਚਪੇੜਾਂ। ਮੇਰੇ ਤਰਲੇ ਕਰਦਾ ਹੁੰਦਾ ਸੀ- ਯਾਰ, ਚਪੇੜ ਜ਼ਰਾ ਹੌਲੀ ਮਾਰੀਂ।

ਕਮਲੇਸ਼ : ਨਿਰਾ ਝੂਠ, ਗੰਦੀ ਜੁਬਾਨ। ਖਬਰਦਾਰ ਜੇ ਹੋਰ ਬਕ ਬਕ ਕੀਤਾ ਤਾਂ ਮੈਂ...

ਸੁਰਜੀਤ : ਤੂੰ ਸੱਚ ਵੀ ਨਹੀਂ ਸੁਣ ਸਕਦੀ?

ਕਮਲੇਸ਼ : ਬਾਬਾ ਜੀ ਤਾਂ ਰੱਬੀ ਰੂਪ ਨੇ, ਇਹਨਾਂ ਤਾਂ ਡੁੱਬਿਆਂ ਨੂੰ ਤਾਰ ਦਿੱਤੈ। ਕਿਸੇ ਦੇ ਘਰ ਜਾਂਦੇ ਹੀ ਨਹੀਂ, ਮੈਂ ਲੱਖ ਮਿੰਨਤਾਂ ਕੀਤੀਆਂ ਤਾਂ ਜਾ ਕੇ ਹਾਂ ਕੀਤੀ)



*(ਪ੍ਰਕਾਸ਼ ਸਿੰਘ ਆਉਂਦਾ ਹੈ)*

ਪ੍ਰਕਾਸ਼ : ਸੁਰਜੀਤ ਸਿੰਹਾਂ, ਮੈਂ ਜਦ ਵੀ ਆਉਣਾ, ਤੁਸੀਂ ਮਹਾਂਭਾਰਤ ਦਾ ਯੁੱਧ ਚਲਾਇਆ ਹੀ ਹੁੰਦੈ। *(ਕਮਲੇਸ਼ ਨੂੰ)* ਕਦੋਂ ਆ ਰਹੇ ਨੇ ਬਾਬਾ ਜੀ?

ਕਮਲੇਸ਼ : ਮੈਂ ਫ਼ੂਨ ਲਾਇਐ, ਬਸ ਪਹੁੰਚਣ ਹੀ ਵਾਲੇ ਨੇ।

ਪ੍ਰਕਾਸ਼ : *(ਦਰੀ ’ਤੇ ਬੈਠਦਾ ਹੋਇਆ)* ਧੰਨ ਭਾਗ, ਧੰਨ ਭਾਗ ਸਾਡੇ। ਮਿਹਰ ਹੋ ਗਈ ਮਹਾਂਪੁਰਸ਼ਾਂ ਦੀ।

ਸੁਰਜੀਤ : ਮੈਂ ਤਾਂ ਬਾਬੇ ਨਾਨਕ ਨੂੰ ਮੰਨਦਾਂ ਜਾਂ ਉਹਨਾਂ ਦੀ ਬਾਣੀ ਨੂੰ।

ਪ੍ਰਕਾਸ਼ : ਸੁਰਜੀਤ ਸਿੰਹਾਂ, ਤੂੰ ਜਾ ਘਰੋਂ ਬਾਹਰ ਅੱਧੇ ਕੁ ਘੰਟੇ ਲਈ। ਮੇਰੀ ਭੈਣ ਧਰਮੀ ਏ, ਕਿਸੇ ਦੀ ਸ਼ਰਧਾ ਨੂੰ ਸੱਟ ਨਹੀਂ ਮਾਰਨੀ ਚਾਹੀਦੀ।

ਸੁਰਜੀਤ : ਕਿੱਥੇ ਜਾਵਾਂ?

ਪ੍ਰਕਾਸ਼ : ਜਾ ਯਾਰ, ਠੇਕੇ ਵੱਲ ਗੇੜਾ ਮਾਰ ਆ।

ਸੁਰਜੀਤ : ਤੁਸੀਂ ਵੀ ਆ ਜਾਓ ਮੇਰੇ ਨਾਲ।

ਪ੍ਰਕਾਸ਼ : ਸਵੇਰੇ ਸਵੇਰੇ..... ਨਾ ਨਾ ਰੱਬ ਰੱਬ ਕਰ। ਬਾਬਾ ਜੀ ਤੋਂ ਅਸ਼ੀਰਵਾਦ ਲੈ ਲਈਏ ਫਿਰ ਕਰ ਲਈ ਰਾਂਝਾ ਰਾਜੀ। ਜਾ ਘੜੀ ਬਾਹਰ, ਸੁੱਖ ਸ਼ਾਂਤੀ ਵੀ ਤਾਂ ਚਾਹੀਦੀ ਏ ਘਰ ਵਿੱਚ।
*(ਸੁਰਜੀਤ ਸਿੰਘ ਬਾਹਰ ਚਲਾ ਜਾਂਦਾ ਹੈ)*
ਸ਼ੁਕਰ ਏ ਚਲਾ ਗਿਐ।

ਕਮਲੇਸ਼ : ਇਹਨੂੰ ਸਿੱਧਾ ਕਰਨਾ ਹੀ ਪਵੇਗਾ।

ਪ੍ਰਕਾਸ਼ : ਨੀਅਤ ਤਾਂ ਸਾਫ਼ ਏ ਸੁਰਜੀਤ ਸਿੰਘ ਦੀ, ਪਰ ਸੋਚ ਭਟਕੀ ਪਈ ਏ। ਅਸੀਂ ਆਪਣੇ ਇਲਾਕੇ ਦੀ ਗੱਲ ਕਰਦੇ ਹਾਂ, ਇਹ ਬੰਦਾ ਸਿੱਧਾ ਹੀ ਪਹੁੰਚ ਜਾਂਦੈ ਰੂਸ, ਚੀਨ ਵਗੈਰਾ। ਇਹਦੀਆਂ ਗੱਲਾਂ ਆਪਣੀ ਖੋਪੜੀ ਵਿੱਚ ਤਾਂ ਨਹੀਂ ਪੈਂਦੀਆਂ।

ਕਮਲੇਸ਼ : ਕੋਈ ਹੈ ਬੰਦਿਆਂ ਵਾਲੀ ਗੱਲ ਇਹਦੇ ਵਿੱਚ। ਸ਼ਾਮ ਨੂੰ ਸ਼ਰਾਬ ਸੁੱਟੀ ਜਾਂਦੈ ਅੰਦਰ, ਨਾਲੋ ਨਾਲ ਕਿਤਾਬ ਪੜ੍ਹਨ ਲੱਗ ਪੈਂਦੈ। ਇਹਨਾਂ ਕਿਤਾਬਾਂ ਨੇ ਇਹਦਾ ਦਿਮਾਗ ਹਿਲਾ ਦਿੱਤੈ।

*(ਗੁਆਂਢ ਵਿੱਚੋਂ 7-8 ਵਿਅਕਤੀ ਆ ਕੇ ਦਰੀਆਂ ’ਤੇ ਬੈਠ ਜਾਂਦੇ ਹਨ)*

ਜੀ ਆਇਆਂ ਨੂੰ ਜੀ ਆਇਆਂ ਨੂੰ। *(ਪ੍ਰਕਾਸ਼ ਨੂੰ)* ਵੀਰ ਜੀ, ਇਹ ਬੰਦਾ ਘਰੋਂ ਬਾਹਰ ਗਿਐ, ਕਰਮਾਂ ਵਾਲੀ ਸੰਗਤ ਵੀ ਆ ਗਈ ਏ।

ਪ੍ਰਕਾਸ਼ : ਸੰਗਤ ਵਿੱਚ ਹੀ ਰੱਬ ਵੱਸਦੈ।

*(ਫਕੀਰਾ ਨਾਂ ਦਾ ਸਾਧ ਆਉਂਦਾ ਹੈ, ਜਿਸ ਨੇ ਭਗਵੇਂ ਰੰਗ ਦਾ ਪਹਿਰਾਵਾ ਪਹਿਨਿਆ ਹੋਇਆ ਹੈ। ਹੱਥ ਵਿੱਚ ਮਣਕਿਆਂ ਵਾਲੀ ਮਾਲਾ ਵੀ ਹੈ)*

ਕਮਲੇਸ਼ : ਧੰਨ ਭਾਗ ਸਾਡੇ ਬਾਬਾ ਜੀ, ਇਥੇ ਬੈਠੋ *(ਤਖ਼ਤਪੋਸ਼ ਵੱਲ ਇਸ਼ਾਰਾ ਕਰਦੀ ਹੈ, ਫਕੀਰਾ ਮੁਸਕਰਾਉਂਦਾ ਹੋਇਆ ਤਖ਼ਤਪੋਸ਼ ’ਤੇ ਬੈਠ ਜਾਂਦਾ ਹੈ! ਕਮਲੇਸ਼ ਕੌਰ ਅਤੇ ਪ੍ਰਕਾਸ਼ ਸਿੰਘ ਦੇ ਨਾਲ ਨਾਲ ਹਾਜ਼ਰ ਸਾਰੇ ਲੋਕ ਫਕੀਰਾ ਨੂੰ ਮੱਥਾ ਟੇਕਦੇ ਹਨ)*

ਫਕੀਰਾ : ਖ਼ੁਸ਼ ਰਹੋ, ਚੜ੍ਹਦਾ ਕਲਾ ਵਿੱਚ ਰਹੋ। ਸਭ ਦਾ ਜੀਵਨ ਸਫ਼ਲ ਹੋਵੇ, ਦਾਤਾ ਸਭ ਨੂੰ ਦਾਤਾਂ ਵੰਡੇ। ਸਾਧ ਸੰਗਤ ਜੀ, ਹੁਣ ਘੜੀ ਰੱਬ ਦਾ ਸਿਮਰਨ ਕਰ ਲਈਏ, ਜਿਹਦੀ ਕਿਰਪਾ ਸਦਕਾ ਇਸ ਘਰ ਨੂੰ ਭਾਗ ਲੱਗੇ ਹਨ। ਤੁਸੀਂ ਸਭ ਮੇਰੇ ਪਿੱਛੇ ਪਿੱਛੇ ਦਿਲੋਂ ਗਾਇਓ, ਸਭ ਦਾ ਬੇੜਾ ਪਾਰ ਲੱਗੇਗਾ।

ਫਕੀਰਾ : *(ਗਾਉਂਦਾ ਹੋਇਆ)*
ਤੇਰੇ ਦਰ ਤੇ ਖੜ੍ਹੇ ਹਾਂ ਮੰਗਤੇ
ਖ਼ੈਰ ਪਾ ਦੇ ਮੇਰੇ ਦਾਤਿਆ।
ਨਿੱਤ ਮਹਿਮਾ ਗਾਵੀਂ ਤੂੰ ਸੰਗਤੇ।
ਖ਼ੈਰ ਪਾ ਦੇ ਮੇਰੇ ਦਾਤਿਆ।

ਹਾਜ਼ਰੀਨ : ਜੀ ਖ਼ੈਰ ਪਾ ਦੇ ਮੇਰੇ ਦਾਤਿਆ।

ਫਕੀਰਾ : ਭਲੇ ਬੰਦਿਆਂ ਨੂੰ ਪਾਰ ਲੰਘਾਵੀਂ।
ਸਤਿਯੁਗ ਖ਼ੁਦ ਆਵੇਗਾ।
ਤੇ ਦੁਸ਼ਟਾਂ ਨੂੰ ਮਾਰ ਮੁਕਾਵੀਂ
ਕਲਯੁਗ ਉਡ ਜਾਵੇਗਾ।

ਹਾਜ਼ਰੀਨ : ਜੀ ਕੁਲਯੁਗ ਉਡ ਜਾਵੇਗਾ।



ਫਕੀਰਾ : ਐਵੇਂ ਮਾਇਆ ਮਗਰ ਨਾ ਦੌੜ
ਮਾਇਆ ਤੇਰੇ ਪਿੱਛੇ ਆਵੇਗੀ।
ਸੱਚੇ ਦਰ ਤੋਂ ਮੁੱਖ ਨਾ ਮੋੜ
ਮਾਇਆ ਤੇਰੇ ਪਿੱਛੇ ਆਵੇਗੀ।

ਹਾਜ਼ਰੀਨ : ਜੀ ਮਾਇਆ ਤੇਰੇ ਪਿੱਛੇ ਆਵੇਗੀ।

*(ਕਮਲੇਸ਼ ਕੌਰ ਇੱਕ ਲਿਫਾਫ਼ੇ ਵਿੱਚ ਕੁਝ ਮਾਇਆ (ਧਨ) ਪਾ ਕੇ ਸਾਧ ਫਕੀਰਾ ਦੇ ਪੈਰਾਂ ਕੋਲ ਰੱਖ ਕੇ ਮੱਥਾ ਟੇਕਦੀ ਹੈ। ਹਾਜ਼ਰੀਨ ਵਿੱਚੋਂ ਵੀ ਸਾਰੇ ਕੁਝ ਨਾ ਕੁਝ ਭੇਟਾ ਰੱਖਦੇ ਹਨ, ਵੇਖ ਕੇ ਫਕੀਰਾ ਬਾਗੋ ਬਾਗ ਹੋ ਜਾਂਦਾ ਹੈ। ਉਹ ਵਾਰ ਵਾਰ ਉਕਤ ਸਤਰਾਂ ਗਾਈ ਜਾਂਦਾ ਹੈ ਅਤੇ ਹਾਜ਼ਰ ਲੋਕ ਸਿਰ ਹਿਲਾ ਹਿਲਾ ਉਸ ਦੇ ਕਹੇ ਸ਼ਬਦਾਂ ਨੂੰ ਦੁਹਰਾਈ ਜਾਂਦੇ ਹਨ)*

ਫਕੀਰਾ : ਸਾਧ ਸੰਗਤ ਜੀ, ਬੀਬੀ ਕਮਲੇਸ਼ ਕੌਰ ਰੱਬ ਦੀ ਭਗਤਣੀ ਹੈ, ਇਹਨੇ ਸਾਡੇ ਤੇ ਵਿਸ਼ਵਾਸ਼ ਰੱਖਿਆ। ਅਸੀਂ ਉਪਰ ਵਾਲੇ ਦੀ ਭਗਤੀ ਵਿੱਚ ਲੀਨ ਹੋ ਗਏ। ਭਗਤੀ ਵਿੱਚ ਕਿੰਨੀ ਸ਼ਕਤੀ ਹੈ, ਕੋਈ ਬਿਆਨ ਨਹੀਂ ਕਰ ਸਕਦਾ। ਸਾਧਨਾ ਕਰਦੇ ਹੋਏ ਸਾਨੂੰ ਸਭ ਬਾਰਡਰ ਨਜ਼ਰ ਆਉਂਦੇ, ਬਾਰਡਰਾਂ ’ਤੇ ਪਹਿਰਾ ਦੇਣ ਵਾਲੇ ਖੜ੍ਹੇ ਖੜ੍ਹੇ ਪੱਥਰ ਬਣ ਜਾਂਦੇ, ਸੇਵਕਾਂ ਦੇ ਪੁੱਤਰ ਆਰ ਤੋਂ ਪਾਰ ਹੋ ਜਾਂਦੇ। ਪਿਆਰਿਓ, ਗੱਜ ਵੱਜ ਕੇ ਬੋਲੋ ਧੰਨ ਧੰਨ ਦਾਤਾਰ, ਜਿਹੜਾ ਲਾਉਂਦੈ ਬੇੜਾ ਪਾਰ।

ਹਾਜ਼ਰੀਨ : ਧੰਨ ਧੰਨ ਦਾਤਾਰ, ਧੰਨ ਧੰਨ ਦਾਤਾਰ।

ਫਕੀਰਾ : ਪਿਆਰਿਓ, ਆਪ ਸਭ ਦੇ ਸਹਿਯੋਗ ਨਾਲ ‘ਬਚਨ-ਬਿਲਾਸ ਹਾਲ’ ਦੀ ਉਸਾਰੀ ਜੰਗੀ ਪੱਧਰ ਤੇ ਚੱਲ ਰਹੀ ਹੈ। ਸੰਗਤ ਤਨ, ਮਨ, ਧਨ ਨਾਲ ਸੇਵਾ ਵਿੱਚ ਜੁੱਟੀ ਹੋਈ ਹੈ। ਭਗਤੀ ਕਰਨ ਵਾਸਤੇ ਭੌਰਾ ਵੀ ਬਣ ਰਿਹੈ। ਇਸ ਤੋਂ ਬਾਅਦ ਗਰੀਬਾਂ, ਬੇਸਹਾਰਿਆਂ, ਲੋੜਵੰਦਾਂ ਲਈ ਚੈਰੀਟੇਬਲ ਹਸਪਤਾਲ ਬਣਾਵਾਂਗੇ। ਜਿੱਥੇ ਹਰ ਕਿਸਮ ਦਾ ਇਲਾਜ ਅਤੇ ਟੈਸਟ ਫਰੀ ਹੋਣਗੇ। ਸੋ ਇਹਨਾਂ ਸਭ ਨੇਕ ਕਾਰਜਾਂ ਲਈ ਜਿਥੇ ਖ਼ੁਦ ਮਾਇਆ ਦਾਨ ਕਰਕੇ ਜੀਵਨ ਸਫ਼ਲ ਬਣਾਓ, ਉਥੇ ਇਹਨਾਂ ਸਾਰੇ

ਕਾਰਜਾਂ ਦਾ ਪ੍ਰਚਾਰ ਵੀ ਕਰੋ। ਇਹ ਧਰਤੀ ਸਵਰਗ ਦਾ ਨਜ਼ਾਰਾ ਪੇਸ਼ ਕਰੇਗੀ, ਸੋ ਸਾਰੇ ਰਲ ਕੇ ਰਸਨਾ ਪਵਿੱਤਰ ਕਰੋ–

ਧੰਨ ਧੰਨ ਦਾਤਾਰ, ਧੰਨ ਧੰਨ ਦਾਤਾਰ

ਹਾਜ਼ਰੀਨ : ਧੰਨ ਧੰਨ ਦਾਤਾਰ, ਧੰਨ ਧੰਨ ਦਾਤਾਰ

ਫਕੀਰਾ : ਪਿਆਰਿਓ, ਰੁਝੇਵੇਂ ਜ਼ਿਆਦਾ ਹਨ, ਵਕਤ ਘੱਟ ਹੈ, ਸੋ ਦੋ ਚਾਰ ਮਿੰਟ ਰੁਕਾਂਗੇ, ਕੋਈ ਪ੍ਰਸ਼ਨ?

*(ਸੁਰਜੀਤ ਸਿੰਘ ਆਉਂਦਾ ਹੈ)*

ਸੁਰਜੀਤ : ਪ੍ਰਸ਼ਨ ਹੈ ਹਾਲ ਬਣ ਰਿਹੈ, ਭੌਰਾ ਤਿਆਰ ਹੋ ਰਿਹੈ, ਹਸਪਤਾਲ ਵੀ ਬਣ ਜਾਵੇਗਾ, ਕਿਸੇ ਸਕੂਲ ਬਣਾਉਣ ਦਾ ਖਿਆਲ ਕਦੋਂ ਆਵੇਗਾ?

ਫਕੀਰਾ : ਬਥੇਰੇ ਸਕੂਲ ਨੇ, ਉਹਨਾਂ ਦੀਆਂ ਬੱਸਾਂ ਹਰਲ ਹਰਲ ਕਰਦੀਆਂ ਫਿਰਦੀਆਂ ਨੇ, ਲੋਕਾਂ ਦੀ ਚੰਗੀ ਜੇਬ ਲੁੱਟਦੇ ਨੇ ਇਹ ਸਕੂਲ।

ਸੁਰਜੀਤ : ਤੁਸੀਂ ਗਰੀਬਾਂ ਦੇ ਬੱਚਿਆਂ ਲਈ ਸਕੂਲ ਬਣਾ ਦਿਓ, ਬਾਬੇ ਨਾਨਕ ਨੇ ਕਿਹੈ–ਵਿਦਿਆ ਵਿਚਾਰੀ ਤਾਂ ਪਰਉਪਕਾਰੀ।

ਫਕੀਰਾ : *(ਤਲਖੀ ਵਿੱਚ)* ਸਾਨੂੰ ਸਮਝਾ ਰਿਹੈਂ? ਕੌਣ ਏਂ ਤੂੰ?

ਸੁਰਜੀਤ : ਮੈਂ ਇਸ ਘਰ ਦਾ ਮਾਲਕ ਹਾਂ ਸੁਰਜੀਤ, ਤੇਰਾ ਜਮਾਤੀ। ਪਹਿਚਾਣ ਲਿਆ ਕਿ ਨਹੀਂ?

ਫਕੀਰਾ : ਅਸੀਂ ਕਿਸੇ ਜਮਾਤੀ ਨੂੰ ਨਹੀਂ ਜਾਣਦੇ, ਰੱਬ ਦੀ ਕਿਰਪਾ ਹੋਈ ਅਤੇ ਸੋਝੀ ਪ੍ਰਾਪਤ ਹੋਈ। ਰੂਹਾਨੀ ਸ਼ਕਤੀ ਪ੍ਰਾਪਤ ਹੋਈ।

ਕਮਲੇਸ਼ : ਤੁਸੀਂ ਠੀਕ ਕਹਿੰਦੇ ਹੋ, ਬਾਬਾ ਜੀ ਤੁਸੀਂ ਕਿਰਪਾ ਰੱਖਿਓ ਇਸ ਘਰ ’ਤੇ।

ਪ੍ਰਕਾਸ਼ : ਹਾਂ ਬਾਬਾ ਜੀ, ਇਹ ਮੇਰੀ ਭੈਣ ਤੁਹਾਡੀ ਸ਼ਰਧਾਲੂ ਏ।

ਸੁਰਜੀਤ : *(ਫਕੀਰਾ ਨੂੰ)* ਰੂਹਾਨੀ ਸ਼ਕਤੀ ਵਿਖਾਓ। (ਪੈੱਨ ਰੱਖਦਾ ਹੋਇਆ) ਇਹ ਪਿਆ ਏ ਮੇਰਾ ਪੈੱਨ, ਬਿਨਾਂ ਹੱਥ ਲਾਏ ਆਪਣੀ ਰੂਹਾਨੀ ਸ਼ਕਤੀ ਨਾਲ ਇਹਦੀ ਥਾਂ ਬਦਲ ਕੇ ਵਿਖਾਓ।

ਫਕੀਰਾ : *(ਗੁੱਸੇ ਵਿੱਚ)* ਤੂੰ ਮਹਾਂਪੁਰਸ਼ਾਂ ਦੀ ਪਰੀਖਿਆ ਲੈ ਰਿਹੈਂ।



ਬੜੀ ਮਹਿੰਗੀ ਪਵੇਗੀ ਨਾਸਤਕਾ!

ਕਮਲੇਸ਼ : ਬਾਬਾ ਜੀ, ਤੁਸੀਂ ਇਸ ਚਵਲ ਨੂੰ ਮਾਰੋ ਗੋਲੀ। ਇਸ ਘਰ ਤੇ ਮਿਹਰ ਹੀ ਰੱਖਿਓ।

ਫਕੀਰਾ : ਇਸ ਘਰ ਦੇ ਸਾਰੇ ਜੀਅ ਖ਼ੂਬ ਤਰੱਕੀ ਕਰਨਗੇ, ਪਰ ਇਹ ਬੰਦਾ ਠੋਕਰਾਂ ਖਾ ਖਾ ਮਰੇਗਾ ਕੁੱਤੇ ਦੀ ਮੌਤ, ਠੀਕ ਏ ਪਿਆਰਿਓ–ਸੁੱਖੀ ਰਹੋ, ਖੁਸ਼ ਰਹੋ।

*(ਤੇਜ਼ ਤੇਜ਼ ਕਦਮੀਂ ਬਾਹਰ ਚਲਾ ਜਾਂਦਾ ਹੈ, ਹਾਜ਼ਰੀਨ ਵੀ ਬਾਹਰ ਨੂੰ ਚਲੇ ਜਾਂਦੇ ਹਨ)*

ਪ੍ਰਕਾਸ਼ : *(ਸੁਰਜੀਤ ਨੂੰ)* ਕੀ ਮਿਲਿਐ ਰੰਗ ’ਚ ਭੰਗ ਪਾਉਣ ਦਾ?

ਕਮਲੇਸ਼ : ਸੁਆਹ ਖੇਹ ਆਪਣੇ ਸਿਰ ’ਚ ਹੀ ਪੁਆਈ ਏ।

ਸੁਰਜੀਤ : ਮੈਂ ਤਾਂ ਸੱਚ ਹੀ ਬੋਲਿਐ ਏ ਨਿਮਰਤਾ ਨਾਲ, ਆਪ ਈ ਗੁੱਸੇ ’ਚ ਪਾਗਲ ਹੋ ਗਿਐ ਬਾਬਾ।

ਕਮਲੇਸ਼ : ਹੁਣ ਮੈਂ ਵੇਖਾਂਗੀ ਇਸ ਘਰ ’ਚ ਕਿਹਦੀ ਚਲਦੀ ਏ। ਮਿਹਰ ਪੈਸੇ ਭੇਜੇਗਾ, ਮੈਂ ਅਰਦਾਸ ਕਰਾਵਾਂਗੀ ਦਾਨ ਦੇ ਕੇ ਬਾਬਿਆਂ ਤੋਂ। ਡੱਕ ਕੇ ਵਿਖਾਈਂ।

*(ਪ੍ਰਕਾਸ਼ ਸਿੰਘ ਆਪਣੇ ਮੋਬਾਇਲ ਨੂੰ ਆਨ ਕਰਦਾ ਹੈ, ਫਕੀਰਾ ਦੀ ਰਿਕਾਰਡ ਕੀਤੀ ਆਵਾਜ਼ ਸਭ ਨੂੰ ਸੁਣਦੀ ਹੈ)*

ਭਲੇ ਬੰਦਿਆਂ ਨੂੰ ਪਾਰ ਲੰਘਾਵੀਂ
ਸਤਿਯੁਗ ਖ਼ੁਦ ਆਵੇਗਾ।
ਤੇ ਦੁਸ਼ਟਾਂ ਨੂੰ ਮਾਰ ਮੁਕਾਵੀਂ
ਕਲਯੁਗ ਉੱਡ ਜਾਵੇਗਾ।

*(ਪ੍ਰਕਾਸ਼ ਸਿੰਘ ਅਤੇ ਕਮਲੇਸ਼ ਕੌਰ ਸਿਰ ਹਿਲਾਉਂਦੇ ਹੋਏ ਇਹਨਾਂ ਸਤਰਾਂ ਦਾ ਉਚਾਰਨ ਕਰਦੇ ਹਨ ਜਦਕਿ ਸੁਰਜੀਤ ਸਿੰਘ ਖੜ੍ਹਾ ਖੜ੍ਹਾ ਹੀ ਮੁਸਕਰਾਉਂਦਾ ਹੈ, ਨਾਲ ਹੀ ਤਿੰਨੇ ਸੱਟਿਲ ਹੋ ਜਾਂਦੇ ਹਨ)*

## *ਦ੍ਰਿਸ਼ ਸੱਤ*

ਸਥਾਨ : *(ਸਟੇਜ ਨੂੰ ਰੋਸ਼ਨੀਆਂ ਰਾਹੀਂ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਸਟੇਜ ਦੇ ਖੱਬੇ ਹਿੱਸੇ ਵਿੱਚ ਸੁਰਜੀਤ ਸਿੰਘ ਦੇ ਘਰ ਦਾ ਕੁਝ ਵਿਹੜਾ ਵਿਖਾਈ ਦਿੰਦਾ ਹੈ, ਜਦ ਕਿ ਸਟੇਜ ਦੇ ਸੱਜੇ ਪਾਸੇ ਸੁਰਜੀਤ ਸਿੰਘ ਦਾ ਵੱਡਾ ਪੁੱਤਰ ਮਿਹਰ ਸਿੰਘ ਵਿਖਾਈ ਦਿੰਦਾ ਹੈ, ਜਿਸ ਨੇ ਵੀ ਹੱਥ ਵਿੱਚ ਮੋਬਾਇਲ ਫ਼ੋਨ ਫੜਿਆ ਹੋਇਆ ਹੈ)*

ਕਮਲੇਸ਼ : *(ਆਪਣੇ ਆਪ ਨਾਲ)* ਆਖਰ ਮੈਂ ਵੀ ਤਾਂ ਸਿੱਖ ਹੀ ਲਿਐ ਵਟਸਅਪ ਚਲਾਉਣਾ। ਮਾਂ ਪਿਓ ਨੇ ਤਿੰਨ ਕੁ ਜਮਾਤਾਂ ਪੜ੍ਹਾਈਆਂ ਸਨ, ਕੰਮ ਆ ਗਈਆਂ। ਹੁਣ ਤਾਂ ਜਾਗ ਪਿਆ ਹੋਣੈ ਮੇਰਾ ਪੁੱਤਰ ਮਿਹਰ।
*(ਫ਼ੂਨ ਲਾਉਂਦੀ ਹੈ, ਮਿਹਰ ਸਿੰਘ ਫ਼ੂਨ ਚੁੱਕਦਾ ਹੈ ਦੋਹਾਂ ਦੀ ਫ਼ੂਨ 'ਤੇ ਗੱਲਬਾਤ ਹੁੰਦੀ ਹੈ)*

ਮਿਹਰ : ਹੈਲੋ ਮੰਮੀ, ਮੱਥਾ ਟੇਕਦਾਂ।

ਕਮਲੇਸ਼ : ਜੀਉਂਦਾ ਰਹਿ, ਜੀਉਂਦਾ ਰਹਿ। ਜਵਾਨੀਆਂ ਮਾਣੇਂ......

ਮਿਹਰ : *(ਟੋਕਦਾ ਹੋਇਆ)* ਜਵਾਨੀ ਤਾਂ ਅਜੇ ਆਈ ਨਹੀਂ। ਰੈਸਟੋਰੈਂਟ ਵਿੱਚ ਸਾਰੇ ਬੰਦੇ ਮੈਨੂੰ 'ਬੇਬੀ' ਕਹਿੰਦੇ ਨੇ।

ਕਮਲੇਸ਼ : ਬੇਬੀ?

ਮਿਹਰ : 'ਬੇਬੀ' ਦਾ ਮਤਲਬ ਏ ਬੱਚਾ। ਸੋਲਾਂ ਸਾਲ ਦੀ ਉਮਰ ਵਿੱਚ ਬੱਚਾ ਹੀ ਹੁੰਦਾ ਏ, ਜਵਾਨੀ ਤਾਂ ਬਾਅਦ ਵਿੱਚ ਆਉਂਦੀ ਏ ਮੰਮੀ।

ਕਮਲੇਸ਼ : ਜਵਾਨੀ ਵੀ ਤਾਂ ਆਉਣ ਵਾਲੀ ਏ, ਭਲੀ ਕਰੇ ਬਾਬਾ ਫ਼ਕੀਰਾ, ਸਦਾ ਚੜ੍ਹਦੀ ਕਲਾ 'ਚ ਰਹੇਂ।

ਮਿਹਰ : ਇਹ ਕਿਹੜਾ ਬਾਬਾ ਹੋਇਆ, ਮੇਰਾ ਤਾਂ ਇਕੋ ਬਾਬਾ ਏ, ਬਾਬਾ ਨਾਨਕ।

ਕਮਲੇਸ਼ : ਬਾਬਾ ਫਕੀਰਾ ਬੜੇ ਪਹੁੰਚੇ ਹੋਏ ਮਹਾਂਪੁਰਸ਼ ਨੇ। ਲੋਕਾਂ ਨੂੰ ਰੱਬ ਨਾਲ ਜੋੜਦੇ ਨੇ। ਉਹਨਾਂ ਦੀ ਕਿਰਪਾ ਹੋਈ ਤੇ ਤੂੰ



ਅਮਰੀਕਾ ਪਹੁੰਚ ਗਿਆ। ਪੁੱਤਰ, ਪੈਸੇ ਕਿੰਨੇ ਕੁ ਬਣ ਜਾਇਆ ਕਰਨਗੇ?

ਮਿਹਰ : ਮਹੀਨੇ ਦਾ ਇੱਕ ਲੱਖ ਭੇਜ ਦਿਆ ਕਰਾਂਗਾ, ਕਦੇ ਵੱਧ ਵੀ।

ਕਮਲੇਸ਼ : ਪੁੱਤਰ, ਤੇਰੀ ਸਾਰੀ ਕਮਾਈ ਸਾਂਭ ਕੇ ਰੱਖਾਂਗੀ, ਪਹਿਲੀ ਤਨਖਾਹ ਆਵੇਗੀ ਤਾਂ ਬਾਬਾ ਜੀ ਦੇ ਡੇਰੇ ਪੰਜਾਹ ਹਜ਼ਾਰ ਦੀ ਸੇਵਾ ਕਰਨੀ ਏ।

ਮਿਹਰ : ਪੰਜਾਹ ਹਜ਼ਾਰ?

ਕਮਲੇਸ਼ : ਫਿਰ ਕੀ ਹੋਇਆ ਪੁੱਤਰ, ਮੈਂ ਸੁੱਖਣਾ ਸੁੱਖੀ ਸੀ। ਬਾਬਾ ਜੀ ਦੀ ਕਿਰਪਾ ਨਾਲ ਐਨਾ ਕਮਾਵੇਂਗਾ, ਐਨਾ ਕਮਾਵੇਂਗਾ ਕਿ ਮਾਇਆ ਦੇ ਢੇਰ ਲੱਗ ਜਾਣਗੇ।

ਮਿਹਰ : ਮੰਮੀ, ਇੱਥੇ ਲੇਬਰ ਬੜੀ ਔਖੀ ਏ, ਅਲਾਰਮ ਵੱਜਦੈ ਤੇ ਮੈਂ ਤਿਆਰ ਹੋ ਕੇ ਜਲਦੀ ਜਲਦੀ ਟਰੇਨ ਫੜਣਾਂ। ਚਾਲੀ ਮਿੰਟ ਦੇ ਸਫ਼ਰ ਬਾਅਦ ਅੱਗੋਂ ਪੈਦਲ ਹੀ ਪੰਦਰਾਂ ਮਿੰਟ ਦਾ ਰਸਤਾ ਏ ਰੈਸਟੋਰੈਂਟ ਤੱਕ। ਦਸ ਘੰਟੇ ਖੜ੍ਹੇ ਹੋ ਕੇ ਕੰਮ ਕਰਦਾਂ, ਕੰਮ 'ਚ ਮਾੜੀ ਜਿਹੀ ਗਲਤੀ ਹੋ ਜਾਏ, ਝਿੜਕਾਂ ਵੀ ਪੈਂਦੀਆਂ ਨੇ। ਪੈਸਾ ਬੜਾ ਔਖਾ ਕਮਾਇਆ ਜਾਂਦੈ, ਮੇਰੀ ਨੀਂਦ ਨਹੀਂ ਪੂਰੀ ਹੁੰਦੀ। ਐਤਵਾਰ ਨੂੰ ਛੁੱਟੀ ਵਾਲੇ ਦਿਨ ਦੁਪਹਿਰ ਵੇਲੇ ਜਾਗਦਾ ਵਾਂ। ਤੁਸੀਂ ਸੁੱਖਨਾਂ ਸੁੱਖਨੀਆਂ ਬੰਦ ਕਰ ਦਿਓ।

ਕਮਲੇਸ਼ : ਜੀ ਸਦਕੇ ਪੁੱਤਰ, ਅਗਾਂਹ ਤੋਂ ਨਹੀਂ ਸੁੱਖਦੇ।

ਮਿਹਰ : ਡੈਡੀ ਨਾਲ ਗੱਲ ਕਰਾਇਓ। ਕਿੰਨੇ ਦਿਨ ਹੋ ਗਏ ਡੈਡੀ ਦੀ ਬੜੀ ਯਾਦ ਆਉਂਦੀ ਏ।

ਕਮਲੇਸ਼ : ਤੇਰਾ ਡੈਡੀ ਇੱਥੇ ਹੋਵੇ ਤਾਂ ਗੱਲ ਕਰਾਵਾਂ।

ਮਿਹਰ : ਇਸ ਵਕਤ ਤੁਹਾਡੇ ਸ਼ਾਮ ਏ, ਉਹ ਪੈਲੀ 'ਚ ਜਾਂਦੇ ਨੇ ਬਾਹਰ।

ਕਮਲੇਸ਼ : ਪੈਲੀ 'ਚ ਕਿੱਥੇ? ਉਹਨੇ ਤਾਂ ਆਪਣੀ ਢਾਣੀ ਵਿੱਚ ਬੈਠ ਕੇ ਮੇਲਾ ਲਾਇਆ ਹੋਣੈਂ।

ਮਿਹਰ : ਡੈਡੀ ਨੂੰ ਆਖਿਉ, ਘਰ ਬਹਿ ਕੇ ਲਾ ਲਿਆ ਕਰੇ ਪੈੱਗ।

ਕਮਲੇਸ਼ : ਉਹ ਮੰਨਦਾ ਏ ਕਿਸੇ ਦੀ। ਸਾਰਿਆਂ ਨੂੰ ਮੱਤਾਂ ਦਿੰਦੈ,

ਵੱਖੀ 'ਚੋਂ ਗੱਲ ਕੱਢਦੈ। ਸ਼ਾਮਾਂ ਨੂੰ ਗੁਲਛਰੇ ਉਡਾਉਂਦੈ। ਇਸੇ ਕਰਕੇ ਸਿਆਣਾ ਬਣ ਮੇਰਾ ਪੁੱਤਰ, ਪੈਸੇ ਮੈਨੂੰ ਭੇਜਣਾ। ਇੱਕ ਇੱਕ ਪੈਸੇ ਦਾ ਹਿਸਾਬ ਰੱਖਾਂਗੀ। ਮੈਂ ਸ਼ਰਾਬ ਵਿੱਚ ਤਾਂ ਨਹੀਂ ਲੱਗੀ ਉਡਾਉਣ।

ਮਿਹਰ : ਠੀਕ ਏ ਮੰਮੀ, ਪੈਸੇ ਤੁਹਾਨੂੰ ਹੀ ਭੇਜਾਂਗਾ।

ਕਮਲੇਸ਼ : ਸ਼ਾਬਾਸ਼ ਮੇਰਾ ਹੀਰਾ। *(ਸੁਰਜੀਤ ਸਿੰਘ ਆਉਂਦਾ ਹੈ)* ਆ ਕਰੀਂ ਕਾਕੇ ਨਾਲ ਗੱਲ।

ਸੁਰਜੀਤ : *(ਉਤਸੁਕਤਾ ਨਾਲ)* ਮਿਹਰ ਸਿੰਘ ਏ ਮੇਰਾ ਪੁੱਤਰ? ਕੀ ਹਾਲ ਏ ਮੇਰੇ ਬੇਟੇ?

ਮਿਹਰ : ਸਾਸਰੀ ਕਾਲ ਡੈਡੀ। ਮੈਂ ਬਿਲਕੁਲ ਠੀਕ ਹਾਂ, ਤੁਹਾਡੀ ਸਿਹਤ ਕਿਵੇਂ?

ਸੁਰਜੀਤ : ਤੇਰੇ ਨਾਲ ਗੱਲ ਹੁੰਦੀ ਪਈ ਏ, ਹੁਣ ਮੈਂ ਬਿਲਕੁਲ ਠੀਕ ਹਾਂ। ਮਿਹਰ, ਤੇਰਾ ਦਿਲ ਲੱਗ ਗਿਆ ਏ ਨਾ?

ਮਿਹਰ : ਡੈਡੀ, ਦਿਲ ਲੱਗੇ ਨਾ ਲੱਗੇ। ਕੰਮ ਕਰਦੇ ਕਰਦੇ ਨਿਕਲ ਜਾਂਦੀ ਏ ਦਿਹਾੜੀ। ਇਥੇ ਮਸ਼ੀਨ ਬਣ ਗਿਐ ਬੰਦਾ, ਡਾਲਰ ਛਾਪਣ ਵਾਲੀ।

ਸੁਰਜੀਤ : ਬੰਦੇ ਲਈ ਡਾਲਰ ਹੀ ਰੱਬ ਹੋ ਗਏ।

ਕਮਲੇਸ਼ : *(ਸੁਰਜੀਤ ਦੇ ਨੇੜੇ ਆ ਕੇ ਉੱਚੀ ਆਵਾਜ਼ ਵਿੱਚ)* ਨੰਗਾਂ ਨੂੰ ਪੁੱਛਦਾ ਕੋਈ?

ਮਿਹਰ : ਮੰਮੀ, ਤੁਸੀਂ ਵਿਚੋਂ ਨਾ ਟੋਕੋ! ਕਿੰਨੇ ਦਿਨਾਂ ਬਾਅਦ ਡੈਡੀ ਨਾਲ ਗੱਲ ਕਰਨ ਦਾ ਮੌਕਾ ਮਿਲਿਐ।

ਸੁਰਜੀਤ : ਮਿਹਰ, ਕੋਈ ਕੁੱਛ ਵੀ ਕਹੇ। ਆਪਣੇ ਮਨ ਦੀ ਕਰਨੀ ਤੇ ਆਪਣੇ ਆਪ ਨੂੰ ਸੌਖਾ ਰੱਖ, ਡਾਲਰ ਘੱਟ ਵੀ ਆ ਜਾਣਗੇ, ਕੀ ਫ਼ਰਕ ਪੈਂਦੈ।

ਕਮਲੇਸ਼ : *(ਫਿਰ ਉਚੀ ਆਵਾਜ਼ ਵਿੱਚ)* ਘੱਟ ਕਿਉਂ ਆਉਣ, ਕੰਮ 'ਚ ਬਰਕਤ ਹੋਣੀ ਚਾਹੀਦੀ ਏ। ਬਾਬਾ ਵਾਧੇ ਪਾਵੇ।

ਸੁਰਜੀਤ : ਮਿਹਰ, ਤੂੰ ਅੱਠ ਨੌਂ ਸਾਲ ਲਾ ਕੇ ਪੱਕਾ ਈ ਆ ਜਾਈਂ, ਨਾਲੇ ਤੇਰੇ ਵਿਆਹ ਦੀ ਉਮਰ ਵੀ ਹੋ ਜਾਏਗੀ।

ਕਮਲੇਸ਼ : ਪੁੱਤ, ਗਰੀਨ ਕਾਰਡ ਲੈ ਕੇ ਆਵੀਂ, ਪੱਕਾ ਹੋ ਕੇ ਆਵੀਂ। ਤੇਰੇ ਡੈਡੀ ਨੇ ਸ਼ਰਾਬ ਪੀ ਕੇ ਪੁੱਠੀ ਮੱਤ ਹੀ ਦੇਣੀ ਏ।



ਪਤਾ ਨਹੀਂ ਕਿਹੜੀ ਢਾਣੀ 'ਚ ਪੀ ਕੇ ਆ ਗਿਐ।

ਮਿਹਰ : ਡੈਡੀ, ਤੁਸੀਂ ਗੱਲ ਤਾਂ ਠੀਕ ਕਰ ਰਹੇ ਹੋ, ਸੱਚੀ ਸ਼ਰਾਬ ਪੀਤੀ ਏ ਤੁਸੀਂ?

ਸੁਰਜੀਤ : ਮਿਹਰ, ਤੈਨੂੰ ਪਤੈ ਮੈਂ ਕਦੇ ਝੂਠ ਨਹੀਂ ਬੋਲਦਾ। ਮੈਂ ਕਿਸੇ ਢਾਣੀ ਵਿੱਚ ਨਹੀਂ ਗਿਐ। ਚਾਰ ਕਿਲੇ ਕਣਕ ਦੀ ਬਿਜਾਈ ਕਰਕੇ ਆਇਆਂ, ਬੰਦਾ ਲਾਇਆ ਸੀ ਨਾਲ ਲੇਬਰ ਦਾ। ਸਾਰਾ ਕੰਮ ਨਿਬੇੜ ਕੇ ਮੈਂ ਤੇ ਉਸ ਬੰਦੇ ਨੇ ਦੋ ਦੋ ਪੈੱਗ ਪੈਲੀ ਵਿੱਚ ਬਹਿ ਕੇ ਲਾ ਲਏ ਆਪਣੇ ਖੇਤਾਂ ਦੀਆਂ ਮੂਲੀਆਂ, ਸ਼ਲਗਮਾਂ ਨਾਲ।

ਮਿਹਰ : ਡੈਡੀ, ਇਸ ਤੋਂ ਵੱਧ ਨਹੀਂ ਪੀਣੀ। ਮੈਂ ਇੱਕ ਗੀਤ ਲਿਖਿਐ, ਦੋ ਕੁ ਲਾਈਨਾਂ ਤੁਹਾਨੂੰ ਵੀ ਸੁਣਾ ਰਿਹਾਂ। ਮੇਰੀ ਗੀਤ ਤੁਹਾਨੂੰ ਪਰੇਸ਼ਾਨ ਨਹੀਂ ਕਰੇਗਾ।

ਸੁਰਜੀਤ : ਸ਼ਾਬਾਸ਼ ਮੇਰਾ ਪੁੱਤਰ, ਗੀਤ ਵੀ ਲਿਖਦੈਂ ਤੇ ਕੰਮ ਵੀ ਕਰਦੈਂ।

ਮਿਹਰ : *(ਗਾਉਂਦਾ ਹੋਇਆ)* ਡੈਡੀ ਜੀ ਘੱਟ ਪੀਓ ਸ਼ਰਾਬ।
ਬਾਹਲੀ ਕਰਦੀ ਬਹੁਤ ਖ਼ਰਾਬ
ਇਹ ਗੱਲ ਕਹਿੰਦੀ ਮੇਰੀ ਕਿਤਾਬ।
ਡੈਡੀ ਜੀ, ਡੈਡੀ ਜੀ....

ਕਮਲੇਸ਼ : ਛੱਡ ਦੇ ਖਹਿੜਾ ਕਿਤਾਬਾਂ ਦਾ, ਬਥੇਰੀਆਂ ਪੜ੍ਹ ਲਈਆਂ। ਤੂੰ ਜੀਅ ਲਾ ਕੇ ਕੰਮ ਕਰ, ਤਰੱਕੀਆਂ ਮਾਣੇਂ।

ਮਿਹਰ : ਮੰਮੀ, ਕਦੇ ਕਦੇ ਜੀਅ ਕਰਦੈ ਕਿਤਾਬ ਨੂੰ ਹਿੱਕ ਨਾਲ ਲਾ ਕੇ ਸੌਂ ਜਾਵਾਂ। ਜਦ ਮੈਂ ਇਵੇਂ ਕਰਦਾਂ, ਮੈਨੂੰ ਨੀਂਦ ਬੜੀ ਮਿੱਠੀ ਆਉਂਦੀ ਏ।

ਸੁਰਜੀਤ : ਤੂੰ ਕਿਤਾਬਾਂ ਨੂੰ ਪਿਆਰ ਕਰਦੈਂ, ਮੈਨੂੰ ਤੇਰੇ 'ਤੇ ਮਾਣ ਏ।

ਮਿਹਰ : ਹੁਣ ਮੇਰੀ ਸੁਣ ਲਓ ਦੋਵੇਂ ਮੰਮੀ, ਡੈਡੀ। ਮੇਜਰ ਸਿੰਘ ਨੂੰ ਪੜ੍ਹਨ ਦਾ ਪੂਰਾ ਮੌਕਾ ਦਿਓ। ਪੈਸੇ ਦੀ ਪਰਵਾਹ ਨਾ ਕਰਿਓ, ਮੈਂ ਦੋ ਘੰਟੇ ਰੋਜ਼ ਵੱਧ ਕੰਮ ਕਰ ਲਿਆ ਕਰਾਂਗਾ। ਉਹ ਪੜ੍ਹ ਲਿਖ ਕੇ ਚੰਗੀ ਪੋਸਟ ਲੈ ਜਾਵੇ ਤਾਂ ਪਰਿਵਾਰ ਦਾ ਨਾਂ ਰੋਸ਼ਨ ਹੋ ਜਾਏਗਾ।

ਕਮਲੇਸ਼ : ਪੜ੍ਹ ਲਏ, ਉਹਦੀ ਹਿੰਮਤ ਏ।

ਮਿਹਰ : ਡੈਡੀ, ਤੁਸੀਂ ਉਹਨੂੰ ਬਾਹਰ ਨਾ ਭੇਜਣਾ ਕਿਸੇ ਮੁਲਕ ਵੀ। ਇਥੇ ਦੇ ਡਾਲਰਾਂ ਦੇ ਜਦ ਰੁਪਈਏ ਬਣਦੇ ਨੇ ਪੰਜਾਹ ਨਾਲ ਗੁਣਾ ਹੋ ਕੇ, ਚੰਗਾ ਲੱਗਦੈ ਤੁਹਾਨੂੰ ਮੰਮੀ। ਪਰ ਜ਼ਿੰਦਗੀ ਇੱਥੇ..... ਨਰਕ ਏ ਨਰਕ।

ਕਮਲੇਸ਼ : ਪੁੱਤਰ, ਮਨ ਨਹੀਂ ਖਰਾਬ ਕਰਨਾ। ਤੁਹਾਡਾ ਕਮਾਇਆ ਪੈਸਾ ਤੁਹਾਡੇ ਕੰਮ ਹੀ ਆਵੇਗਾ।

ਮਿਹਰ : ਠੀਕ ਏ, ਤੁਸੀਂ ਰੋਟੀ ਖਾ ਕੇ ਸੌਂ ਜਾਓ। ਅੱਜ ਐਤਵਾਰ ਏ, ਮੈਂ ਘੜੀ ਗੁਰਦੁਆਰੇ ਮੱਥਾ ਟੇਕ ਆਵਾਂ। ਚੰਗਾ ਡੈਡੀ, ਠੀਕ ਏ ਮੰਮੀ।

ਕਮਲੇਸ਼ : ਜਾ ਪੁੱਤਰ ਗੁਰਦੁਆਰੇ, ਰੱਬ ਚੜ੍ਹਦੀ ਕਲਾ 'ਚ ਰੱਖੇਗਾ।
*(ਮਿਹਰ ਸਿੰਘ ਫੂਨ ਕੱਟ ਦਿੰਦਾ ਹੈ)*
*(ਸੁਰਜੀਤ ਆਪਣੇ ਆਪ ਵਿੱਚ ਗੁਆਚਾ ਹੋਇਆ ਸਟਿੱਲ ਹੋ ਜਾਂਦਾ ਹੈ, ਉਸ ਦੇ ਕੰਨੀਂ ਮਿਹਰ ਸਿੰਘ ਦੇ ਗੀਤ ਦੇ ਬੋਲ ਵਾਰ ਵਾਰ ਟਕਰਾਉਂਦੇ ਹਨ)*
ਡੈਡੀ ਜੀ, ਘੱਟ ਪੀਓ ਸ਼ਰਾਬ
ਬਾਹਲੀ ਕਰਦੀ ਬਹੁਤ ਖ਼ਰਾਬ।
ਇਹ ਗੱਲ ਕਹਿੰਦੀ ਮੇਰੀ ਕਿਤਾਬ
ਡੈਡੀ ਜੀ, ਡੈਡੀ ਜੀ.....



## *ਦ੍ਰਿਸ਼ ਅੱਠ*

ਸਥਾਨ : *(ਸੁਰਜੀਤ ਸਿੰਘ ਆਪਣੇ ਘਰ ਦੇ ਵਿਹੜੇ ਵਿੱਚ ਮੰਜੀ 'ਤੇ ਬੈਠਾ ਹੈ, ਸੋਚਾਂ ਵਿੱਚ ਹੈ, ਬੇਚੈਨ ਨਜ਼ਰ ਆਉਂਦਾ ਹੈ)*

ਸੁਰਜੀਤ : *(ਆਪਣੇ ਆਪ ਵਿੱਚ)* ਮੇਜਰ ਸਿੰਘ ਦਸਵੀਂ 'ਚੋਂ ਫਸਟ ਆ ਜਾਏ ਤਾਂ ਮੇਰਾ ਸੁਫ਼ਨਾ ਪੂਰਾ ਹੋ ਜਾਏਗਾ। ਮੇਜਰ ਦਾ ਭਵਿੱਖ ਬਣ ਜਾਵੇਗਾ। ਮੈਂ ਉਹਨੂੰ ਚੰਗੇ ਕਾਲਜ ਵਿੱਚ ਦਾਖਲ ਕਰਾਵਾਂਗਾ, ਕੋਚਿੰਗ ਦੁਆਵਾਂਗਾ। ਆਪਣੇ ਵੱਲੋਂ ਕੋਈ ਕਸਰ ਨਹੀਂ ਛੱਡਾਂਗਾ। ਧੁਰ ਤੱਕ ਪੜ੍ਹਾਈ ਕਰ ਲਵੇ, ਫਿਰ ਅਫ਼ਸਰ ਤਾਂ ਬਣੇਗਾ ਹੀ। *(ਮੁਸਕਰਾਉਂਦਾ ਹੈ)* ਲੋਕ ਕਹਿਣਗੇ— ਸੁਰਜੀਤ ਸਿੰਘ ਦੇ ਮੁੰਡੇ ਨੇ ਰਿਕਾਰਡ ਕਾਇਮ ਕਰ ਦਿੱਤੈ। ਉਹਦਾ ਵੱਡਾ ਭਰਾ ਮਿਹਰ ਸਿੰਘ ਕਿੰਨਾ ਖੁਸ਼ ਹੋਵੇਗਾ, ਪੈਰ ਨਹੀਂ ਲਗਣਗੇ ਜ਼ਮੀਨ 'ਤੇ। ਤਿੰਨ ਸਾਲ ਹੋ ਗਏ ਮਿਹਰ ਸਿੰਘ ਅਮਰੀਕਾ ਵਿੱਚ ਦਿਨ ਰਾਤ ਇੱਕ ਕਰੀ ਜਾ ਰਿਹੈ।

ਮਿਹਰ ਸਿੰਘ ਦੇ ਬੋਲ : ਮੇਜਰ ਸਿੰਘ ਨੂੰ ਪੜ੍ਹਨ ਦਾ ਪੂਰਾ ਮੌਕਾ ਦਿਓ। ਪੈਸੇ ਦੀ ਪਰਵਾਹ ਨਾ ਕਰਿਓ, ਮੈਂ ਦੋ ਘੰਟੇ ਰੋਜ਼ ਵੱਧ ਕੰਮ ਕਰ ਲਿਆ ਕਰਾਂਗਾ।
*(ਸੁਰਜੀਤ ਸਿੰਘ ਦੀਆਂ ਅੱਖਾਂ ਵਿੱਚ ਹੰਝੂ ਆ ਜਾਂਦੇ ਹਨ, ਮਾਸਟਰ ਸੁਖਦੇਵ ਸਾਗਰ ਆਉਂਦਾ ਹੈ)*

ਸਾਗਰ : ਸੁਰਜੀਤ ਸਿੰਘ ਜੀ, ਲਿਵ ਕਿਧਰ ਲੱਗੀ ਏ?

ਸੁਰਜੀਤ : *(ਕੁਰਸੀ ਅੱਗੇ ਕਰਦਾ ਹੋਇਆ)*, ਬੈਠੋ ਮਾਸਟਰ ਜੀ, ਅੱਜ ਤਿੰਨ ਸਾਲ ਬਾਅਦ ਦਿਨ ਕਿਧਰੋਂ ਚੜ੍ਹ ਗਿਐ।

ਸਾਗਰ : ਸਰਕਾਰ ਨੇ ਮਰਦਮ ਸ਼ੁਮਾਰੀ ਕਰਨ ਲਾ ਦਿੱਤੈ। ਸਰਕਾਰੀ ਨੌਕਰੀ ਜੁ ਹੋਈ, ਨੌਕਰੀ ਕੀ ਤੇ ਨਖ਼ਰਾ ਕੀ।
*(ਗੱਲ ਬਦਲਦਾ ਹੋਇਆ)*

ਸੁਰਜੀਤ ਸਿੰਘ ਜੀ, ਤੁਹਾਡੀਆਂ ਅੱਖਾਂ ਵਿੱਚ ਅੱਥਰੂ?

ਸੁਰਜੀਤ : ਮਾਸਟਰ ਜੀ, ਮੇਜਰ ਬਾਰੇ ਸੋਚ ਰਿਹਾ ਸੀ, ਉਹਦੇ ਰੀਜਲਟ ਬਾਰੇ। ਕਿੰਨੇ ਕੁ ਨੰਬਰ ਲੈ ਜਾਵੇਗਾ ਦਸਵੀਂ ਦੇ ਇਮਤਿਹਾਨ ਵਿੱਚ। *(ਰੁੱਕ ਕੇ)* ਜੇ ਚੰਗੇ ਨੰਬਰ ਆ ਗਏ ਤਾਂ ਉਹਦਾ ਵੱਡਾ ਭਰਾ ਸੁਣ ਕੇ ਹਵਾ 'ਚ ਉਡਾਰੀਆਂ ਮਾਰੇਗਾ। ਮਾਸਟਰ ਜੀ, ਤੁਸੀਂ ਤਾਂ ਸਭ ਕੁਝ ਜਾਣਦੇ ਹੋ ਕਿ ਉਹ ਕਿੱਥੇ ਕੁ ਖੜ੍ਹਾ ਏ?

ਸਾਗਰ : ਮੈਂ ਤੁਹਾਨੂੰ ਮਿਲਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਸਾਡਾ ਮੇਲ ਨਾ ਹੋਇਆ। ਤੇਰੇ ਘਰ ਦਾ ਮਾਹੌਲ... ਸਭ ਤੈਨੂੰ ਪਤੈ।

ਸੁਰਜੀਤ : ਇਸ ਜਨਾਨੀ ਨੇ ਮੇਰੇ ਸਾਰੇ ਸੁਫ਼ਨੇ ਚਕਨਾਚੂਰ ਕਰ ਦਿੱਤੈ ਨੇ। ਸੋਚ ਕੁੱਝ ਰਿਹਾ ਸੀ..... ਹੋਰ ਈ ਕੁਝ ਹੋ ਗਿਐ। ਹੁਣ ਤਾਂ ਇਵੇਂ ਲਗਦੈ ਜਿਵੇਂ ਅਸੀਂ ਵਾਧੂ ਹੀ ਤੁਰੇ ਫਿਰਦੇ ਹਾਂ । ਆਹ ਛੁੱਟੜ ਜਨਾਨੀ ਜ਼ਰਾ ਘਰੋਂ ਬਾਹਰ ਗਈ ਏ, ਘਰ 'ਚ ਸ਼ਾਂਤੀ ਆ ਗਈ ਏ।
*(ਮੇਜਰ ਸਿੰਘ ਬਾਰੇ ਸੋਚਦਾ ਹੋਇਆ)*
ਮਾਸਟਰ ਜੀ, ਮੇਜਰ ਸਿੰਘ ਬਾਰੇ ਕੀ ਕਹਿਣ ਲੱਗੇ ਸੀ?

ਸਾਗਰ : ਜਦ ਗੱਡੀ ਪਟੜੀ ਤੋਂ ਲਹਿ ਜਾਵੇ ਤਾਂ ਮੰਜ਼ਿਲ ਬਾਰੇ ਕੌਣ ਸੋਚਦਾ ਏ।

ਸੁਰਜੀਤ : ਤੁਹਾਡੇ ਹੁੰਦੇ ਹੋਏ ਵੀ?

ਸਾਗਰ : ਅਸੀਂ ਕਿਸੇ ਘੋੜੇ ਨੂੰ ਦਰਿਆ 'ਤੇ ਲਿਜਾ ਸਕਦੇ ਹਾਂ ਪਰ ਉਹਨੂੰ ਪਾਣੀ ਪੀਣ ਲਈ ਮਜ਼ਬੂਰ ਨਹੀਂ ਕਰ ਸਕਦੇ।

ਸੁਰਜੀਤ : ਮਾਸਟਰ ਜੀ, ਬੁਝਾਰਤਾਂ ਹੀ ਪਾਈ ਜਾਂਦੇ ਹੋ?

ਸਾਗਰ : ਮੇਜਰ ਸਿੰਘ 'ਤੇ ਵੀ ਬਾਹਰਲੇ ਮੁਲਕ ਜਾਣ ਦਾ ਭੂਤ ਸਵਾਰ ਏ, ਪੜ੍ਹਾਈ 'ਚ ਬਹੁਤ ਠੀਕ ਸੀ। ਜਦ ਦੀ ਬਾਹਰ ਜਾਣ ਦੀ ਰਟ ਫੜੀ, ਦਿਨੋ ਦਿਨ ਡੌਨ ਹੀ ਹੁੰਦਾ ਗਿਆ।

ਸੁਰਜੀਤ : *(ਹੈਰਾਨ ਪਰੇਸ਼ਾਨ ਹੁੰਦਾ ਹੋਇਆ)* ਇਹ ਮੈਂ ਕੀ ਸੁਣ ਰਿਹਾਂ, ਮੈਨੂੰ ਕਿਸੇ ਗੱਲ ਦਾ ਪਤਾ ਹੀ ਨਹੀਂ।

ਸਾਗਰ : ਉਹ ਕਹਿੰਦਾ ਸੀ ਮੇਰਾ ਪਾਸਪੋਰਟ ਬਣ ਗਿਐ, ਕਿਸੇ ਸਮੇਂ ਵੀ ਮੇਰੀ ਫਲਾਈਟ ਹੋ ਸਕਦੀ ਏ।



ਸੁਰਜੀਤ : ਮੈਂ ਘਰ ਦਾ ਮਾਲਕ ਹੋਵਾਂ, ਮੈਨੂੰ ਕੁਝ ਵੀ ਪਤਾ ਨਾ ਹੋਵੇ...

ਸਾਗਰ : ਤੂੰ ਤਾਂ ਨਾਂ ਦਾ ਹੀ ਮਾਲਕ ਏਂ, ਪਰ ਸਾਰੀਆਂ ਸ਼ਕਤੀਆਂ ਤੇਰੀ ਘਰ ਵਾਲੀ ਕੋਲ ਚਲੀਆਂ ਗਈਆਂ। ਤੇਰੀ ਹਾਲਤ ਭਾਰਤ ਦੇ ਰਾਸ਼ਟਰਪਤੀ ਵਾਲੀ ਏ, ਪਰ ਪ੍ਰਧਾਨ ਮੰਤਰੀ ਤੇਰੀ ਘਰ ਵਾਲੀ ਏ।

ਸੁਰਜੀਤ : ਠੀਕ ਕਿਹੈ ਮਾਸਟਰ ਜੀ। ਜਦ ਜਨਾਨੀ ਮੂਰਖ ਹੋਵੇ ਤਾਂ ਇਕ ਅੱਧੀ ਮੁਸੀਬਤ ਖੜ੍ਹੀ ਕਰ ਸਕਦੀ ਏ, ਪਰ ਜਦ ਮੂਰਖ ਜਨਾਨੀ ਜ਼ਿੱਦੀ ਵੀ ਹੋਵੇ ਤਾਂ ਮੁਸੀਬਤਾਂ ਹੀ ਮੁਸੀਬਤਾਂ।

ਸਾਗਰ : ਵਿਆਹ ਕਰਨ ਤੋਂ ਪਹਿਲਾਂ ਸੋਚਣਾ ਚਾਹੀਦੈ ਬੰਦੇ ਨੂੰ।

ਸੁਰਜੀਤ : ਵਿਆਹ ਤੋਂ ਪਹਿਲਾਂ ਵੇਖਾ ਵਿਖਾਈ ਹੋਈ, ਮੂੰਹ ਮੱਥਾ ਚੰਗਾ ਲੱਗਾ। ਸਾਰਿਆਂ ਦੇ ਪਸੰਦ ਆਈ। ਉੱਚੀ ਲੰਮੀ, ਪਤਲੀ ਗੋਰਾ ਰੰਗ... ਪਰ ਕਿਹੜਾ ਮੂੰਹ 'ਤੇ ਲਿਖਿਆ ਹੁੰਦੈ ਕਲ੍ਹ ਨੂੰ ਆਪਣੀ ਗਿੱਦੜਸਿੰਗੀ ਕਿਧਰ ਘੁੰਮਾਏਗੀ।

ਸਾਗਰ : ਸੁਰਜੀਤ ਸਿੰਘ, ਚਿੰਤਾ ਨਾ ਕਰ। ਦੁਨੀਆਂ 'ਚ ਕੋਈ ਵਿਰਲਾ ਹੀ ਸੁਖੀ ਏ- ਨਾਨਕ ਦੁਖੀਆ ਸਭ ਸੰਸਾਰ।
*(ਗੱਲ ਬਦਲਦਾ ਹੋਇਆ)*
ਇਹ ਦੱਸ ਕਿ ਮਿਹਰ ਸਿੰਘ ਨੇ ਤਿੰਨ ਸਾਲਾਂ ਵਿੱਚ ਕਿੰਨੀ ਕੁ ਮਾਇਆ ਭੇਜੀ ਏ?

ਸੁਰਜੀਤ : ਇਹ ਤਾਂ ਕਮਲੇਸ਼ ਕੌਰ ਜਾਣੇ ਜਾਂ ਉਹਦੇ ਬੈਂਕ ਵਾਲੇ। ਮੈਂ ਤਾਂ ਕਦੇ ਮੰਗਾਉਂਦਾ ਹੀ ਨਹੀਂ। ਮਹੀਨੇ ਦਾ ਡੇਢ ਦੋ ਲੱਖ ਕਮਾਉਂਦੈ...... ਕਦੇ ਕਦੇ ਕਿਸੇ ਹੱਥ ਮੈਨੂੰ ਚਾਰ ਪੰਜ ਸੌ ਡਾਲਰ ਭੇਜ ਦਿੰਦੈ... .ਕਾਗਜ 'ਤੇ ਲਿੱਖ ਭੇਜਦੈ.. ਡੈਡੀ ਪੀ.... ਪਰ ਚੰਗੀ ਵਧੀਆ ਜਿਹੀ ਇੱਕ ਦੋ ਪੈੱਗ।

ਸਾਗਰ : ਤੂੰ ਪੀਣੀ ਹੀ ਛੱਡ ਦੇ ਸੁਰਜੀਤ ਸਿੰਘ।

ਸੁਰਜੀਤ : ਜਿੱਥੇ ਭੂਤਾਂ ਵਰਗੇ ਲੋਕ ਹਰਲ ਹਰਲ ਕਰਦੇ ਹੋਣ, ਉਥੇ ਰਾਤ ਨੂੰ ਨੀਂਦ ਕਿਵੇਂ ਆਵੇ।
*(ਬਾਹਰੋਂ ਦੋ ਤਿੰਨ ਆਵਾਜ਼ਾਂ ਆ ਕੇ ਦੋਹਾਂ ਨੂੰ ਸੁਣਦੀਆਂ ਹਨ, ਮਾਸਟਰ ਸੁਖਦੇਵ ਸਾਗਰ ਕਾਹਲੀ ਕਾਹਲੀ ਚਲਾ ਜਾਂਦਾ ਹੈ)*

ਇਹ ਪ੍ਰਕਾਸ਼ ਸਿੰਘ ਦੀ ਵਾਜ ਏ, ਨਾਲ ਨਾਲ ਕਮਲੇਸ਼ ਕੌਰ ਵੀ ਬੋਲਦੀ ਪਈ ਏ।

*(ਮੇਜਰ ਸਿੰਘ ਆਉਂਦਾ ਹੈ)*

ਸੁਰਜੀਤ : ਮੇਜਰ, ਰੀਜਲਟ ਆ ਗਿਐ?

ਮੇਜਰ : ਡੈਡੀ, ਹੋ ਗਿਆਂ ਪਾਸ।

ਸੁਰਜੀਤ : ਕਿੰਨਵੇਂ ਨੰਬਰ ਤੇ ਆਇਐਂ?

ਮੇਜਰ : ਨੰਬਰ ਦਾ ਤਾਂ ਪਤਾ ਨਹੀਂ, ਪਰ ਪਾਸ ਹੋ ਗਿਆਂ।

ਸੁਰਜੀਤ : ਦਸਵੀਂ ਦੇ ਇਮਤਿਹਾਨ ਦੀ ਬੜੀ ਗੱਲ ਹੁੰਦੀ ਏ ਮੇਜਰ।

*(ਪ੍ਰਕਾਸ਼ ਸਿੰਘ ਅਤੇ ਕਮਲੇਸ਼ ਕੌਰ ਆਉਂਦੇ ਹਨ)*

ਪ੍ਰਕਾਸ਼ : ਬਹੁਤ ਗੱਲ ਹੁੰਦੀ ਏ ਸੁਰਜੀਤ ਸਿੰਹਾਂ! ਜਿੱਥੇ ਐਮ.ਏ. ਪਾਸ ਨੂੰ ਕੋਈ ਕਲਰਕ ਨਹੀਂ ਲਾਉਂਦਾ, ਉਥੇ ਦਸਵੀਂ ਦੀ ਕੀ ਔਕਾਤ ਹੋਈ?

ਸੁਰਜੀਤ : ਤੈਨੂੰ ਨਹੀਂ ਪਤਾ ਭਾਅ ਜੀ, ਦਸਵੀਂ ਇਮਾਰਤ ਦੀ ਨੀਂਹ ਵਾਂਗ ਏ, ਉਸ ਤੋਂ ਬਾਅਦ ਇਮਾਰਤ ਬਣਾਉਣ ਬਾਰੇ ਸੋਚਿਆ ਜਾ ਸਕਦੈ। ਹੁਣ ਮੈਂ ਸੋਚਾਂਗਾ ਮੇਜਰ ਸਿੰਘ ਦੀ ਪੜ੍ਹਾਈ ਦਾ, ਪੜ੍ਹਿਆਂ ਲਿਖਿਆਂ ਦੀ ਸਲਾਹ ਲੈ ਕੇ ਚੰਗੇ ਜਿਹੇ ਕੋਰਸ ਵੱਲ ਤੋਰਾਂਗਾ, ਇਹਦੀ ਜ਼ਿੰਦਗੀ ਦਾ ਸਵਾਲ ਏ।

ਪ੍ਰਕਾਸ਼ : ਜ਼ਿੰਦਗੀ ਦਾ ਤਾਂ ਮਸਲਾ ਹੀ ਹੱਲ ਕਰ ਦਿੱਤੈ ਆਪਾਂ। ਮੇਜਰ ਸਿੰਘ ਜਾ ਰਿਹੈ ਜਰਮਨ, ਉਹ ਤਾਂ ਤੈਨੂੰ ਸਾਸਰੀ ਕਾਲ ਕਹਿਣ ਆਇਐ।

ਸੁਰਜੀਤ : ਪਰ ਮੈਂ ਇੰਜ ਨਹੀਂ ਹੋਣ ਦਿਆਂਗਾ। ਇਹਦੇ ਵੱਡੇ ਭਰਾ ਮਿਹਰ ਨੇ ਵੀ ਕਿਹਾ ਸੀ ਕਿ ਮੇਜਰ ਨੂੰ ਪੜ੍ਹਾਓ।

ਪ੍ਰਕਾਸ਼ : ਸੁਰਜੀਤ ਸਿੰਘ, ਜੇ ਮੇਜਰ ਹੀ ਨਹੀਂ ਪੜ੍ਹਨਾ ਚਾਹੁੰਦਾ ਤਾਂ ਉਹਨੂੰ ਜਬਰੀ ਨੂੜ ਲਵੇਂਗਾ?

ਕਮਲੇਸ਼ : ਬਾਬਾ ਫਕੀਰਾ ਨੇ ਵੀ ਅਸ਼ੀਰਵਾਦ ਦੇ ਦਿੱਤੈ, ਹੁਣ ਤਾਂ ਤਿਆਰੀ ਪੂਰੀ ਹੋ ਗਈ।

ਪ੍ਰਕਾਸ਼ : ਜਰਮਨ ਦੀ ਗੇਮ ਚਲਦੀ ਪਈ ਏ ਇਹਨਾਂ ਦਿਨਾਂ ’ਚ, ਕੱਲ੍ਹ ਨੂੰ ਗੇਮ ਬੰਦ ਵੀ ਹੋ ਸਕਦੀ ਏ। ਪਾਂਧਾ ਨਾ ਪੁੱਛੋ, ਦੇ ਅਸੀਸ ਮੇਜਰ ਨੂੰ, ਸੁੱਖੀ ਸਾਂਧੀ ਜਰਮਨ ਅਪੜ ਕੇ ਆਪਣੀ ਸੈਟਿੰਗ ਕਰੇ।



ਸੁਰਜੀਤ : ਮੇਜਰ, ਪੁੱਤਰ ਮੈਨੂੰ ਛੱਡ ਜਾਵੇਂਗਾ?

ਮੇਜਰ : ਡੈਡੀ, ਪੱਕਾ ਹੋ ਕੇ ਵਾਪਸ ਆਵਾਂਗਾ।

ਪ੍ਰਕਾਸ : ਸਾਡੇ ਕਿੰਨੇ ਰਿਸ਼ਤੇਦਾਰ ਨੇ ਜਰਮਨ ਦੇ ਸ਼ਹਿਰ ਡੂਸਲਡਰਫ ਵਿੱਚ। ਵਿਆਹ ਲਈ ਕੁੜੀ ਵੀ ਲੱਭ ਲਈ ਏ ਇਹਨੂੰ ਪੇਪਰ ਦੁਆਉਣ ਵਾਸਤੇ। ਹੋਰ ਦੋ ਸਾਲਾਂ ਨੂੰ ਜਰਮਨ ਦਾ ਕਾਰਡ ਇਹਦੇ ਕੋਲ ਹੋਵੇਗਾ, ਢੋਲ ਢਮੱਕੇ ਨਾਲ ਇਹਦਾ ਇਧਰ ਵਿਆਹ ਕਰਾਂਗੇ।

ਸੁਰਜੀਤ : ਇੱਕ ਜਰਮਨ ’ਚ ਵਿਆਹ, ਦੂਜਾ ਇਧਰ। ਇਹ ਕੀ ਗੇਮ ਹੋਈ? ਮੇਰਾ ਤਾਂ ਸਿਰ ਚਕਰਾਉਣ ਲੱਗ ਪਿਐ।

ਪ੍ਰਕਾਸ਼ : ਜਰਮਨ ਵਿੱਚ ਪੇਪਰ ਮੈਰਿਜ ਹੋਵੇਗੀ ਕਾਰਡ ਲੈਣ ਵਾਸਤੇ। ਮੁੰਡਾ ਕੰਮ ਕਰੇਗਾ, ਥੋੜੇ ਯੂਰੋ ਪੇਪਰ ਮੈਰਿਜ ਵਾਲੀ ਗੋਰੀ ਨੂੰ ਦੇਵੇਗਾ, ਬਾਕੀ ਗੱਫਾ ਇਧਰ ਸੁੱਟੇਗਾ ਤੁਹਾਡੇ ਘਰ, ਕਾਰਡ ਮਿਲਦੇ ਹੀ ਜਰਮਨ ਵਾਲੀ ਕੁੜੀ ਵੱਲੋਂ ਵੀ ਛੁੱਟੀ। ਵੇਖੀ ਸਾਡੀ ਸਕੀਮ।

ਸੁਰਜੀਤ : ਇਹੋ ਜਿਹੀਆਂ ਸਕੀਮਾਂ ਤੇਰੇ ਹਿੱਸੇ ਆਈਆਂ ਨੇ ਭਾਅ ਜੀ!

ਕਮਲੇਸ਼ : ਮਾੜਾ ਵੀ ਕੀ ਏ। ਮੇਰੇ ਭਰਾ ਨੇ ਸਾਡੀਆਂ ਤਾਂ ਕੁੱਲਾਂ ਤਾਰ ਦਿੱਤੀਆਂ ਨੇ।

ਪ੍ਰਕਾਸ਼ : ਮੇਜਰ, ਅਟੈਚੀ ’ਚ ਪਾ ਲੈ ਸਾਰਾ ਸਮਾਨ।

*(ਮੇਜਰ ਸਿੰਘ ਅਟੈਚੀ ਵਿੱਚ ਕੁੱਝ ਕੱਪੜੇ, ਖਾਣ ਪੀਣ ਦਾ ਸਮਾਨ ਪਾਉਂਦਾ ਹੈ)*

ਯਾਦ ਕਰ ਲੈ ਜ਼ਰੂਰੀ ਸਮਾਨ। ਸਮਝ ਗਿਐਂ?

ਮੇਜਰ : ਮਾਮਾ ਜੀ, ਪਾਸਪੋਰਟ? *(ਪ੍ਰਕਾਸ਼ ਸਿੰਘ ਹਾਂ ਵਿੱਚ ਸਿਰ ਹਿਲਾਉਂਦਾ ਹੈ)* ਉਹ ਤਾਂ ਵੱਖਰੇ ਪਾ ਲਿਐ।

ਪ੍ਰਕਾਸ਼ : ਹੁਣ ਟੇਕ ਮੰਮੀ ਡੈਡੀ ਨੂੰ ਮੱਥਾ, ਅਸੀਸ ਲੈ ਮਾਂ ਪਿਓ ਦੀ। ਗੱਡੀ ਬਾਹਰ ਖੜ੍ਹੀ ਸਾਨੂੰ ਹੀ ਉਡੀਕਦੀ ਪਈ ਏ।

*(ਮੇਜਰ ਸਿੰਘ ਪਹਿਲਾਂ ਕਮਲੇਸ਼ ਕੌਰ ਦੇ ਪੈਰੀਂ ਹੱਥ ਲਾਉਂਦਾ ਹੈ)*

ਕਮਲੇਸ਼ : (ਹਿੱਕ ਨਾਲ ਲਾ ਕੇ) ਜੀਉਂਦਾ ਰਹਿ ਮੇਰਾ ਪੁੱਤਰ। ਮਾਲਕ ਤੇਰਾ ਸਹਾਈ ਹੋਵੇ ਪੈਰ ਪੈਰ ’ਤੇ। ਸਿਆਣਾ ਬਣੀ ਸਿਆਣਾ।

*(ਮੇਜਰ ਸਿੰਘ ਹੁਣ ਸੁਰਜੀਤ ਸਿੰਘ ਦੇ ਪੈਰੀਂ ਹੱਥ ਲਾਉਣ ਲੱਗਦਾ ਹੈ, ਪਰ ਸੁਰਜੀਤ ਸਿੰਘ ਉਸ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦਾ ਹੈ)*

ਸੁਰਜੀਤ : *(ਰੋਂਦਾ ਹੋਇਆ)* ਪੁੱਤਰਾਂ ਦਾ ਵਿਛੋੜਾ.... ਮੇਰਿਆ ਰੱਬਾ! ਮੇਰਾ ਤਾਂ ਵਿਹੜਾ ਹੀ ਸੁੰਨਾ ਹੋ ਗਿਐ।

ਪ੍ਰਕਾਸ਼ : ਹੌਂਸਲਾ ਰੱਖ ਕੇ ਅਸੀਸ ਦੇ ਪੁੱਤਰ ਨੂੰ। ਖੁਸ਼ ਹੋ ਕਿ ਮੇਜਰ ਸਿੰਘ ਇੱਕ ਨੰਬਰ 'ਚ ਬਾਹਰ ਜਾ ਰਿਹੈ। ਅੱਜ ਰਾਤ ਦਿੱਲੀ, ਕੱਲ੍ਹ ਸਵੇਰੇ ਛੇ ਵਜੇ ਫਲਾਈਟ ਜਰਮਨ ਨੂੰ। ਰੱਬ ਤੁਹਾਡਾ ਭਲਾ ਕਰੇ, ਸ਼ਾਮਾਂ ਤੋਂ ਪਹਿਲਾਂ ਪਹਿਲਾਂ ਗੋਰਿਆਂ ਦੇ ਦੇਸ਼ ਵਿੱਚ। ਚੰਗਾ, ਤੁਸੀਂ ਕਰੋ ਅਰਾਮ *(ਪ੍ਰਕਾਸ਼ ਸਿੰਘ ਅਤੇ ਮੇਜਰ ਸਿੰਘ ਜਾਂਦੇ ਹਨ, ਮੇਜਰ ਸਿੰਘ ਆਪਣੇ ਮਾਪਿਆਂ ਵੱਲ ਹੱਥ ਹਿਲਾ ਹਿਲਾ ਅਲਵਿਦਾ ਕਹਿ ਰਿਹਾ ਜਾਪਦਾ ਹੈ)*

ਕਮਲੇਸ਼ : ਸੱਤੇ ਖੈਰਾਂ ਪੁੱਤਰ, ਸੱਤੇ ਹੀ ਖੈਰਾਂ।

ਸੁਰਜੀਤ : ਘਰ ਦਾ ਵਿਹੜਾ ਵੀ ਵੱਢ ਖਾਣ ਨੂੰ ਪੈਂਦੈ। ਮੈਂ ਕੀ ਕਰ ਸਕਦਾਂ? ਸੁੱਖੀ ਰਹੋ ਮੇਰੇ ਪੁੱਤਰੋ!
(ਦੂਰੋਂ ਕਿਧਰੋਂ ਗੀਤ ਦੇ ਬੋਲ ਸੁਣਾਈ ਦਿੰਦੇ ਹਨ)
ਜਿਸ ਬਾਗ ਦੇ ਫੁੱਲ ਸਾਰੇ ਤੋੜੇ
ਮਾਲੀ ਭੁੱਬਾਂ ਮਾਰ ਰੋਵੇ ਜਿੰਦੇ ਮੇਰੀਏ।
ਉਡ ਗਈਆਂ ਨੇ ਬਹਾਰਾਂ ਜਿੱਥੋਂ
ਪਤਝੜ ਦਾ ਰਾਜ ਹੋਵੇ ਜਿੰਦੇ ਮੇਰੀਏ।
*(ਕਮਲੇਸ਼ ਕੌਰ ਆਮ ਹਾਲਤ ਵਿੱਚ ਹੈ, ਸੁਰਜੀਤ ਸਿੰਘ ਰੋਂਦਾ ਹੋਇਆ ਗੀਤ ਦੇ ਬੋਲ ਸੁਣਦਾ ਸਟਿੱਲ ਹੋ ਜਾਂਦਾ ਹੈ)*



## *ਦ੍ਰਿਸ਼ ਨੌ*

ਸਥਾਨ : ਰੋਸ਼ਨੀਆਂ ਨਾਲ ਸਟੇਜ ਦੇ ਦੋ ਭਾਗ ਕੀਤੇ ਗਏ ਹਨ। ਸੁਰਜੀਤ ਸਿੰਘ ਦੇ ਘਰ ਦਾ ਵਿਹੜਾ ਤੇ ਮਿਹਰ ਸਿੰਘ ਦੇ ਅਮਰੀਕਾ ਵਿਚਲੇ ਅਪਾਰਟਮੈਂਟ ਦੀ ਗੈਲਰੀ ਦਾ ਕੁੱਝ ਹਿੱਸਾ ਰੋਸ਼ਨੀਆਂ ਰਾਹੀਂ ਵਿਖਾਇਆ ਜਾਂਦਾ ਹੈ। ਕਮਲੇਸ਼ ਕੌਰ ਅਤੇ ਮਿਹਰ ਸਿੰਘ ਦੀ ਫ਼ੋਨ ਤੇ ਗੱਲਬਾਤ ਹੋ ਰਹੀ ਹੈ।

ਕਮਲੇਸ਼ : ਪੁੱਤਰ, ਸਭ ਠੀਕ ਚਲਦਾ ਪਿਐ?

ਮਿਹਰ : ਸਵਾਹ ਠੀਕ ਚਲਦਾ ਪਿਐ। ਮੈਨੂੰ ਚੰਗੇ ਭਲੇ ਪੜ੍ਹਦੇ ਨੂੰ ਧੱਕਾ ਦੇ ਦਿੱਤਾ। ਹੁਣ ਮੇਜਰ ਨੂੰ ਵੀ ਜਰਮਨ ਕੱਢ ਦਿੱਤਾ ਏ। ਮੰਮੀ, ਤੂੰ ਕਿੰਨੀ ਪੱਥਰ ਦਿਲ ਏਂ।

ਕਮਲੇਸ਼ : ਤੇਰਾ ਫ਼ੂਨ ਨਹੀਂ ਆਇਆ ਦਸ ਦਿਨ, ਮੇਰੀ ਤਾਂ ਸ਼ੂਗਰ ਵੱਧ ਗਈ। ਅੱਛਾ, ਇਹ ਦੱਸ ਇਸ ਵਾਰ ਪੈਸੇ ਘੱਟ ਬਣੇ ਨੇ ਕੰਮ ਤੋਂ? ਅੱਗੇ ਡੇਢ ਲੱਖ ਤੋਂ ਵੱਧ ਆਉਂਦਾ ਸੀ, ਐਤਕਾਂ ਲੱਖ ਹੀ ਭੇਜਿਐ ਸਾਰਾ?

ਮਿਹਰ : ਘੱਟ ਪੈਸੇ ਆਉਣ ਨਾਲ ਤੁਹਾਡੀ ਸ਼ੂਗਰ ਵੱਧ ਗਈ ਹੋਣੀ ਏਂ!

ਕਮਲੇਸ਼ : ਇਵੇਂ ਹੀ ਸਮਝ ਲੈ ਪੁੱਤਰ। ਤੇਰਾ ਤੇ ਮੇਜਰ ਦਾ ਇੱਕ ਇੱਕ ਪੈਸਾ ਸਾਂਭਿਆ ਪਿਐ। ਬੈਂਕ ਵਿਚ ਦੋ ਅੱਡ ਅੱਡ ਖਾਤੇ ਖੁਲਵਾ ਲਏ ਮੈਂ।

ਮਿਹਰ : ਮੰਮੀ, ਮੈਂ ਕੁੜੀ ਪਸੰਦ ਕਰ ਲਈ ਏ ਇੱਥੇ।

ਕਮਲੇਸ਼ : ਮੇਮ ਏ?

ਮਿਹਰ : ਨਹੀਂ, ਸਾਡੀ ਜਾਤ ਦੀ ਏ।

ਕਮਲੇਸ਼ : ਪੱਕੀ ਏ ਕਿ ਕੱਚੀ?

ਮਿਹਰ : ਉਹਨੂੰ ਗਰੀਨ ਕਾਰਡ ਮਿਲਿਆ ਹੋਇਐ।

ਕਮਲੇਸ਼ : ਤੈਨੂੰ ਵੀ ਦਵਾ ਦੇਵੇਗੀ ਕਾਰਡ?

ਮਿਹਰ : ਕਰਾਂਗਾ ਵਕੀਲ ਨਾਲ ਗੱਲ। ਪੁਰਾਣੇ ਮੁੰਡੇ ਦੱਸਦੇ ਨੇ

ਗਰੀਨ ਕਾਰਡ ਮਿਲ ਤਾਂ ਜਾਂਦੈ ਪਰ ਅਮਰੀਕਾ ਤੋਂ ਆਊਟ ਹੋਣਾ ਪੈਂਦੈ।

ਕਮਲੇਸ਼ : ਜੇ ਆਊਟ ਨਾ ਹੋਵੇਂ ਤਾਂ?

ਮਿਹਰ : ਤਾਂ ਵੀ ਮਿਲ ਤਾਂ ਜਾਵੇਗਾ ਪਰ ਟਾਈਮ ਜ਼ਿਆਦਾ ਲੱਗ ਸਕਦੈ।

ਕਮਲੇਸ਼ : ਟੈਮ ਦਾ ਕੋਈ ਨਹੀਂ, ਪਰ ਤੂੰ ਨਾ ਆਵੀਂ, ਅਜੇ ਤੂੰ ਨਾ ਆਵੀਂ।

ਇਹ ਦੱਸ ਤੇਰੀ ਵਹੁਟੀ ਕਿੰਨੇ ਸਾਲਾਂ ਦੀ ਏ, ਕੀ ਕਰਦੀ ਏ?

ਮਿਹਰ : ਵੀਹ ਸਾਲਾਂ ਦੀ ਏ, ਨਰਸਰੀ ਦੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ ਉਹਨੇ।

ਕਮਲੇਸ਼ : ਵਿਆਹ ਕਦੋਂ ਕਰਨਾ ਏ?

ਮਿਹਰ : ਵਿਆਹ ਤਾਂ ਹੋ ਗਿਐ। ਝਿਜਕਦਾ ਹੋਇਆ) ਅਜੇ ਕਲ੍ਹ ਹੀ....

ਕਮਲੇਸ਼ : ਹਾਏ ਮੈਂ ਮਰ ਗਈ.... ਮੇਰੀ ਸ਼ੂਗਰ.... ਘਬਰਾਹਟ ਜਿਹੀ ਹੋਣ ਲੱਗ ਪਈ। ਮੈਂ ਸੁਣਿਆ-ਅਮਰੀਕਾ ਵਿੱਚ ਟੱਬਰ ਵਾਲਿਆਂ ਨੂੰ ਖਾਸ ਬੱਚਤ ਨਹੀਂ ਹੁੰਦੀ?

ਮਿਹਰ : ਮੰਮੀ, ਪੈਸੇ ਨਾਲ ਇੰਨਾ ਮੋਹ! ਪਿਛਲੇ ਸਾਢੇ ਚਾਰ ਸਾਲਾਂ ਵਿੱਚ ਕਰੋੜ ਰੁਪਈਆ ਭੇਜਿਆ ਮੈਂ। ਰੱਜ ਨਹੀਂ ਹੋਇਆ ਉਸ ਨਾਲ। ਮੇਰੀ ਜ਼ਿੰਦਗੀ ਬਾਰੇ ਸੋਚਿਆ ਕਦੇ, ਕਿਵੇਂ ਮੈਂ ਪਿਛਲੇ ਚਾਰ ਸਾਲਾਂ ਤੋਂ ਵੱਧ ਸਮਾਂ, ਇਕੱਲਾ ਕੰਧਾਂ ਨਾਲ ਗੱਲਾਂ ਕਰਦਾ ਸੀ, ਮੈਨੂੰ ਸਾਥ ਮਿਲ ਗਿਐ। ਡੈਡੀ ਕਿੱਥੇ ਨੇ?

ਕਮਲੇਸ਼ : *(ਉੱਚੀ ਆਵਾਜ਼ ਵਿੱਚ)* ਮਿਹਰ ਦੇ ਡੈਡੀ, ਬਾਹਰ ਆ ਕੇ ਮੁੰਡੇ ਨਾਲ ਗੱਲ ਕਰ। ਦਿਨੇ ਈ ਪੀ ਕੇ ਸੌਂ ਗਿਐ ਅੰਦਰ।

*(ਸੁਰਜੀਤ ਸਿੰਘ ਆਉਂਦਾ ਹੈ, ਕਮਲੇਸ਼ ਤੋਂ ਫ਼ੂਨ ਫੜਦਾ ਹੈ)*

ਸੁਰਜੀਤ : ਹਾਂ ਮੇਰਾ ਪੁੱਤਰ, ਕਿਵੇਂ ਚੱਲ ਰਿਹੈ?

ਮਿਹਰ : ਡੈਡੀ, ਦਿਨੇ ਈ ਪੀ ਲਈ?

ਸੁਰਜੀਤ : ਨਹੀਂ, ਪੈਲੀ 'ਚੋਂ ਆਇਆ ਸੀ ਕੰਮ ਕਰਕੇ, ਥਕਾਵਟ



ਹੋ ਗਈ ਤੇ ਨਾਲ ਹੀ ਅੱਖ ਲੱਗ ਗਈ।

ਕਲਮੇਸ਼ : *(ਫ਼ੂਨ ਕੋਲ ਉੱਚੀ ਆਵਾਜ਼ ਵਿੱਚ)* ਮਿਹਰ ਨੇ ਵਿਆਹ ਕਰਵਾ ਲਿਐ। ਹੁਣ ਆਉਣਗੇ ਡਾਲਰ.... ਅਜੇ ਕੀ ਲੋੜ ਸੀ ਵਿਆਹ ਦੀ।

ਸੁਰਜੀਤ : ਪੁੱਤਰ ਵਿਆਹ ਕਰਵਾ ਲਿਐ?

ਮਿਹਰ : ਹਾਂ ਡੈਡੀ, ਵੀਹ ਸਾਲ ਦੀ ਸੋਹਣੀ ਕੁੜੀ ਏ, ਪੜ੍ਹਾਉਂਦੀ ਏ ਨਿੱਕੇ ਨਿਆਣਿਆਂ ਨੂੰ।

ਸੁਰਜੀਤ : ਦਿਲ ਖੁਸ਼ ਕਰਤਾ। ਵਧਾਈਆਂ ਹੋਣ, ਮੈਂ ਬੜਾ ਖੁਸ਼ ਹਾਂ। ਨਾਲੇ ਤੇਰੀ ਖੁਸ਼ੀ 'ਚ ਸਾਡੀ ਖੁਸ਼ੀ।

ਕਮਲੇਸ਼ : ਬਹੁਤ ਖੁਸ਼ ਹੋ ਗਿਐਂ। ਮੂੰਹ 'ਤੇ ਲਾਲੀਆਂ ਆ ਗਈਆਂ ਨੇ!

ਸੁਰਜੀਤ : ਕਮਲੇਸ਼ ਕੌਰੇ, ਤੂੰ ਵੀ ਖੁਸ਼ੀ ਮਨਾ। ਹੀਰਾ ਪੁੱਤਰ ਏ ਮੇਰਾ, ਨੂੰਹ ਵੀ ਸੋਹਣੀ ਮਿਲ ਗਈ, ਹੋਰ ਕੀ ਚਾਹੀਦੈ। ਮਿਹਰ ਪੁੱਤਰ, ਤੇਰੇ ਵਿਆਹ ਦੀ ਪਾਰਟੀ ਕਰ ਲਈਏ ਰਿਸ਼ਤੇਦਾਰ, ਯਾਰਾਂ ਦੋਸਤਾਂ, ਮੁਹੱਲੇ ਵਾਲਿਆਂ ਨੂੰ ਸੱਦ ਕੇ?

ਕਮਲੇਸ਼ : ਕਾਹਦੇ ਨਾਲ ਕਰੇਂਗਾ ਪਾਰਟੀ?

ਸੁਰਜੀਤ : ਖੇਤੀ ਦੀ ਕਮਾਈ ਬਥੇਰੀ ਏ, ਆਪਣੇ ਕੋਲ (ਮਿਹਰ ਨੂੰ) ਪੁੱਤਰ, ਮਨ ਖਿੜ ਗਿਐ। ਖੁਸ਼ ਰਹਿ, ਖੁਸ਼ ਰਹਿ।

ਮਿਹਰ : ਡੈਡੀ, ਕਰ ਪਾਰਟੀ ਡੱਟ ਕੇ। ਕਹੇਂ ਤਾਂ ਪੈਸੇ ਭੇਜ ਦੇਵਾਂ?

ਸੁਰਜੀਤ : ਮੇਰੇ ਕੋਲ ਜਿਹੜੀ ਰਕਮ ਏ, ਉਹ ਵੀ ਤਾਂ ਤੁਹਾਡੀ ਏ ਦੋਹਾਂ ਭਰਾਵਾਂ ਦੀ *(ਭਾਵੁਕ ਹੁੰਦਾ ਹੋਇਆ)* ਮਿਹਰ, ਤੈਨੂੰ ਯਾਦ ਹੋਣੈਂ ਜਦ ਤੂੰ ਤੇ ਮੇਜਰ ਛੋਟੇ ਹੁੰਦੇ ਸੀ, ਸ਼ਾਮਾਂ ਨੂੰ ਸੋਫ਼ੇ 'ਤੇ ਮੇਰੇ ਆਸੇ ਪਾਸੇ ਬੈਠ ਜਾਂਦੇ ਸੀ। ਮੈਂ ਦੋ ਹੀ ਪੈੱਗ ਲਾਉਂਦਾ ਸੀ ਤੁਹਾਡੀ ਰੌਣਕ ਵਿੱਚ। ਮੇਰੀ ਸਾਰੀ ਥਕਾਵਟ ਉਤਰ ਜਾਂਦੀ ਸੀ। ਉਹ ਸਮਾਂ...... ਸੁਨਹਿਰੀ ਵਕਤ ਸੀ ਮੇਰਾ..... ਉਹ ਭਲਾ ਜ਼ਮਾਨਾ ਕਦ ਪਰਤੇਗਾ...

ਕਮਲੇਸ਼ : *(ਫ਼ੂਨ ਫੜਨ ਉਪਰੰਤ)* ਪਾਰਟੀ ਤਾਂ ਹੋ ਈ ਜਾਏਗੀ ਪਰ ਮੇਰੀ ਇੱਕ ਗੱਲ ਕਦੇ ਨਾ ਭੁੱਲੀਂ।

ਮਿਹਰ : ਹਾਂ ਹਾਂ ਬੋਲੋ।

ਕਮਲੇਸ਼ : ਤੂੰ ਪੱਕਾ ਹੋ, ਪੇਪਰ ਲੈ। ਮੇਜਰ ਨੂੰ ਜਰਮਨ 'ਚ ਪੇਪਰ ਮਿਲ ਗਏ ਨੇ ਗੋਰੀ ਕਰਕੇ। ਹੁਣ ਤਾਂ ਤਿੰਨ ਮੁਲਕ ਸਾਡੇ ਹੋ ਗਏ-ਭਾਰਤ, ਅਮਰੀਕਾ ਤੇ ਜਰਮਨ। ਤੁਸੀਂ ਦੋਵੇਂ ਭਰਾ ਪੱਕੇ ਹੋ ਕੇ ਕੱਠੇ ਆਓ, ਦੁਨੀਆਂ ਵੇਖੇਗੀ ਕੋਠੇ 'ਚੇ ਚੜ੍ਹ ਚੜ੍ਹ ਕੇ।

ਮਿਹਰ : ਸਭ ਠੀਕ ਹੋ ਜਾਵੇਗਾ। ਮੰਮੀ, ਤੂੰ ਸ਼ੂਗਰ ਦਾ ਖਿਆਲ ਰੱਖ। ਹਰ ਮਹੀਨੇ ਚੈਕ ਅੱਪ ਕਰਵਾਉਣਾ।

ਕਮਲੇਸ਼ : ਅੱਜ ਤਾਂ ਮੈਨੂੰ ਚੈਕ ਕਰਾਉਣੀ ਹੀ ਪੈਣੀ ਏ। ਚੰਗਾ ਮਿਹਰ ਓ.ਕੇ.।

ਮਿਹਰ : ਓ.ਕੇ. ਮੰਮੀ, ਓ.ਕੇ. ਡੈਡੀ।

*(ਗਾਉਂਦਾ ਹੋਇਆ ਸਟਿੱਲ ਹੋ ਜਾਂਦਾ ਹੈ)*

ਭਾਰਤ, ਜਰਮਨ ਤੇ ਅਮਰੀਕਾ
ਤਿੰਨੇ ਹੋਏ ਅਸਾਂ ਦੇ ਦੇਸ਼।
ਡਾਲਰ, ਯੂਰੋ ਤੇ ਰੁਪਇਆ
ਕਿਹੀ ਗਿਣਤੀ ਦੀ ਲੱਗੀ ਰੇਸ।
ਮਾਇਆ ਪਿੱਛੇ ਦੌੜਦਾ ਬੰਦਾ।
ਆਪਣਾ ਦੇਸ ਹੋਇਆ ਪਰਦੇਸ।
ਮਾਇਆ ਪਿੱਛੇ ਦੌੜਦਾ ਬੰਦਾ....



## ਦ੍ਰਿਸ਼ ਦਸ

ਸਥਾਨ : *ਸੁਰਜੀਤ ਸਿੰਘ ਦੇ ਘਰ ਦਾ ਸੰਵਾਰਿਆ ਹੋਇਆ ਰੂਪ ਨਜ਼ਰ ਆਉਂਦਾ ਹੈ। ਖੁਲ੍ਹੇ ਵਿਹੜੇ ਦੀ ਥਾਂ ਗੈਲਰੀ ਬਣਾਈ ਵਿਖਾਈ ਦਿੰਦੀ ਹੈ, ਜਿਸ ਪਿਛੇ ਓਪਨ ਰਸੋਈ ਦੀ ਝਲਕ ਪ੍ਰਤੀਤ ਹੁੰਦੀ ਹੈ। ਗੈਲਰੀ ਵਿੱਚ ਸੋਫ਼ੇ ਰੱਖੇ ਗਏ ਹਨ, ਸੋਫ਼ਿਆਂ ਦੇ ਵਿਚਕਾਰ ਇਕ ਵੱਡਾ ਮੇਜ ਰੱਖਿਆ ਹੈ ਜੋ ਸੋਫ਼ਿਆਂ ਨੂੰ ਆਪਸ ਵਿੱਚ ਜੋੜਦਾ ਹੈ। ਮੇਜ 'ਤੇ ਦੋ ਮੋਬਾਇਲ ਫ਼ੂਨ ਪਏ ਹਨ, ਇੱਕ ਕਮਲੇਸ਼ ਕੌਰ ਦਾ ਹੈ ਜੋ ਅਕਾਰ ਵਿੱਚ ਵੱਡਾ ਹੈ ਅਤੇ ਮਹਿੰਗਾ ਵੀ ਹੈ। ਛੋਟੇ ਅਕਾਰ ਦਾ ਮੋਬਾਇਲ ਫ਼ੂਨ ਸੁਰਜੀਤ ਸਿੰਘ ਦਾ ਹੈ, ਜੋ ਕਿ ਆਮ ਲੋਕ ਆਪਣੇ ਲਈ ਵਰਤਦੇ ਹਨ। ਕਮਲੇਸ਼ ਕੌਰ ਸੋਫ਼ਿਆਂ ਦੀ ਝਾੜ ਝੰਬ ਕਰ ਰਹੀ ਨਜ਼ਰ ਆਉਂਦੀ ਹੈ।*

ਕਮਲੇਸ਼ : *(ਆਪਣੇ ਆਪ ਨਾਲ)* ਇਹਨਾਂ ਸਫ਼ਾਈ ਕਰਨ ਵਾਲਿਆਂ ਦਾ ਬਹਿ ਜਾਏ ਭੱਠਾ। ਖਾਣ ਨੂੰ ਮਰਦੀਆਂ ਨੇ। ਮਾੜਾ ਮੋਟਾ ਪੋਚਾ ਲਾ ਕੇ ਮਿੰਟੋ ਮਿੰਟੀ ਔਹ ਜਾਂਦੀਆਂ ਨੇ। ਦੋ ਹਜ਼ਾਰ ਤੋਂ ਘੱਟ ਦੀ ਤਾਂ ਗੱਲ ਹੀ ਨਹੀਂ ਕਰਦੀਆਂ। ਬੂਹੇ ਬਾਰੀਆਂ ਦੀ ਝਾੜ ਝੰਬ ਇਹਨਾਂ ਦੇ ਪਿਓ ਨੇ ਕਰਨੀ ਹੁੰਦੀ ਏ।

*(ਪ੍ਰਕਾਸ਼ ਸਿੰਘ ਆਉਂਦਾ ਹੈ)*

ਪ੍ਰਕਾਸ਼ : ਭੈਣੇ, ਕੀਹਨੂੰ ਕੋਸਦੀ ਪਈ ਏਂ?

ਕਮਲੇਸ਼ : ਆ ਵੀਰ, ਜੀ ਆਇਆਂ ਨੂੰ। ਕੋਸਦੀ ਪਈ ਸੀ ਸਫ਼ਾਈ ਕਰਨ ਵਾਲੀਆਂ ਨੂੰ। ਮਾਂ ਤੇ ਧੀ ਆਉਂਦੀਆਂ ਨੇ, ਭੜਥੂ ਪਾ ਦਿੰਦੀਆਂ ਨੇ। ਦੋ ਵੱਡੇ ਕੱਪ ਚਾਹ ਪੀ ਕੇ ਹਿਲਦੀਆਂ ਨੇ। ਜੇ ਝਾੜ ਝੰਬ ਮੈਂ ਆਪ ਹੀ ਕਰਨੀ ਏ ਤਾਂ ਇਹਨਾਂ ਨੂੰ ਧੂਫ ਦੇਣੀ ਹੁੰਦੀ ਏ ਸਫ਼ਾਈਆਂ ਵਾਲੀਆਂ ਨੂੰ।

ਪ੍ਰਕਾਸ਼ : ਥੋੜਾ ਕੰਮ ਆਪ ਵੀ ਕਰਿਆ ਕਰ, ਸਿਹਤ ਠੀਕ ਰਹਿੰਦੀ ਏ। ਹੁਣ ਸ਼ੂਗਰ ਠੀਕ ਰਹਿੰਦੀ ਏ ਨਾ?

ਕਮਲੇਸ਼ : ਕਿੱਥੇ ਠੀਕ ਰਹਿੰਦੀ ਏ। ਦਵਾਈਆਂ ਦੇ ਸਿਰ 'ਤੇ ਹੀ ਤੁਰੀ ਫਿਰਦੀ ਹਾਂ।

ਪ੍ਰਕਾਸ਼ : ਪਰ ਅੱਜ ਨਹੀਂ ਆਉਂਦੀ ਕੋਈ ਬਿਮਾਰੀ ਨੇੜੇ। ਅੱਜ ਦਾ ਦਿਨ ਕਰਮਾਂ ਵਾਲਾ ਚੜਿਐ।

*(ਲਿਫਾਫ਼ੇ ਵਿੱਚੋਂ ਨੋਟਾਂ ਵਾਲਾ ਹਾਰ ਵਿਖਾਉਂਦਾ ਹੈ)*

ਮੇਜਰ ਸਿੰਹਾਂ, ਅਸੀਂ ਤਾਂ ਤੇਰੇ ਸਵਾਗਤ ਲਈ ਹਾਰ ਲੈ ਕੇ ਉਡੀਕਦੇ ਪਏ ਹਾਂ। ਚਾਰ ਸਾਲ ਬਾਅਦ ਪਰਤ ਰਿਹੈ, ਪਤਾ ਨਹੀਂ ਲੱਗਾ ਸਾਲਾਂ ਦਾ।

ਕਮਲੇਸ਼ : ਮੇਜਰ ਤਾਂ ਦੋ ਸਾਲ ਪਹਿਲਾਂ ਹੀ ਆਉਣ ਲਈ ਤਰਲੋ ਮੱਛੀ ਹੋਇਆ ਫਿਰਦਾ ਸੀ, ਇਹ ਤਾਂ ਮੈਂ ਰੋਕਿਆ ਉਹਨੂੰ। ਮੈਂ ਕਿਹੈ ਤੂੰ ਨਹੀਂ ਆਉਣਾ ਅਜੇ। ਹੁਣ ਜੇ ਕਮਾਈ ਕਰ ਕੇ ਆਉਣ ਲੱਗੈ ਤਾਂ ਮਨ 'ਤੇ ਕੋਈ ਬੋਝ ਵੀ ਨਹੀਂ।

ਪ੍ਰਕਾਸ਼ : ਸੁਰਜੀਤ ਸਿੰਘ ਦਾ ਕੀ ਹਾਲ ਏ?

ਕਮਲੇਸ਼ : ਕਾਹਦਾ ਹਾਲ। ਗੁੰਮ ਸੁੰਮ ਹੀ ਰਹਿੰਦੈ, ਕਦੇ ਰੋਣ ਲੱਗ ਪੈਂਦੈ ਮਿਹਰ ਤੇ ਮੇਜਰ ਨੂੰ ਯਾਦ ਕਰ ਕੇ, ਰਾਤ ਨੂੰ ਸ਼ਰਾਬ ਪੀ ਕੇ ਡਿੱਗ ਪੈਂਦੈ ਬਿਸਤਰੇ 'ਤੇ। ਰਜਾਈ 'ਚੋਂ ਬੋਅ ਆਉਂਦੀ ਏ, ਪੈਲੀ ਵਿਚ ਜਾਂਦੇ ਜਾਂਦੇ ਸੁੱਕਣੇ ਪਾ ਜਾਂਦੈ ਉਪਰਲੀ ਮੰਜਲ ਦੀ ਛੱਤ 'ਤੇ।

ਪ੍ਰਕਾਸ਼ : ਆਪਣਾ ਕੰਮ ਤਾਂ ਆਪ ਕਰੀ ਜਾ ਰਿਹੈ। ਬੰਦਾ ਤਾਂ ਇਮਾਨਦਾਰ ਏ ਪਰ ਕੰਮ ਵਧਾਉਣਾ ਨਹੀਂ ਚਾਹੁੰਦਾ।

ਕਮਲੇਸ਼ : ਘਰ ਮਿਸਤਰੀ ਲਾਏ ਸੀ, ਛੇ ਮਹੀਨੇ ਮੇਰੇ ਗੋਡੇ ਕਢਾ ਦਿੱਤੇ ਉਹਨਾਂ। ਇਹਨੇ ਭਲੇ ਮਾਣਸ ਨੇ ਸਾਈਕਲ ਫੜਣਾਂ, ਪੈਲੀ ਵੱਲ ਨੂੰ ਨਿਕਲ ਜਾਣਾ ਸਵੇਰੇ ਰੋਟੀ ਖਾ ਕੇ।

ਪ੍ਰਕਾਸ਼ : ਮੇਜਰ ਆ ਰਿਹੈ, ਅੱਜ ਤਾਂ ਘਰ ਰਹਿੰਦੈ। ਅਮਰੀਕਾ ਵਾਲੇ ਦਾ ਕੀ ਹਾਲ ਏ, ਮੈਨੂੰ ਤਾਂ ਕਦੇ ਫ਼ੂਨ ਨਹੀਂ ਕਰਦਾ।

ਕਮਲੇਸ਼ : ਸੱਤ ਸਾਲ ਹੋ ਗਏ, ਗਏ ਨੂੰ, ਪਹਿਲੇ ਚਾਰ ਸਾਲ ਹੀ ਕਮਾਈ ਭੇਜੀ। ਹੁਣ ਦੋ ਨਿਆਣਿਆਂ ਦਾ ਪਿਓ ਬਣ



ਗਿਐ, ਕਦੇ ਕਦਾਈਂ ਲੱਖ ਦੋ ਲੱਖ ਭੇਜ ਦਿੰਦੈ।

ਪ੍ਰਕਾਸ਼ : ਗਰੀਨ ਕਾਰਡ ਨਹੀਂ ਮਿਲਿਆ ਅਜੇ?

ਕਮਲੇਸ਼ : ਪਤਾ ਨਹੀਂ ਕਦੋਂ ਮਿਲੇਗਾ ਕਾਰਡ। ਕਾਰਡ ਤੋਂ ਬਿਨਾਂ ਕੀ ਕਰੇਗਾ ਇਥੇ ਆ ਕੇ। ਅਜੇ ਵੀ 'ਆਉਣ ਆਉਣ' ਕਰਦਾ ਏ ਫ਼ੂਨ 'ਤੇ।

*(ਸੁਰਜੀਤ ਸਿੰਘ ਆਉਂਦਾ ਹੈ, ਉਸ ਦੇ ਹੱਥ ਵਿੱਚ ਇਕ ਲਿਫਾਫ਼ਾ ਹੈ)*

ਪ੍ਰਕਾਸ਼ : ਆ ਬਈ ਸੁਰਜੀਤ ਸਿੰਹਾਂ, ਤੇਰੀ ਉਮਰ ਬੜੀ ਲੰਮੀ ਏ। ਤੈਨੂੰ ਹੀ ਯਾਦ ਕਰਦੇ ਪਏ ਸੀ। ਆਹ ਲਿਫਾਫ਼ੇ ਵਿਚੋਂ ਕੀ ਨਿਕਲੇਗਾ?

ਸੁਰਜੀਤ : ਸਕਾਚ ਵਿਸਕੀ ਦੇ ਨਾਲ ਕੜਾਹੀ ਚਿਕਨ।

ਪ੍ਰਕਾਸ਼ : *(ਖੁਸ਼ੀ ਵਿੱਚ)* ਬੜਾ ਲੈਵਲ ਚੱਕ ਦਿੱਤੈ ਖਾਣ ਪੀਣ ਦਾ।

ਸੁਰਜੀਤ : ਇਹ ਸਭ ਤੁਹਾਡੇ ਲਈ ਏ, ਤੁਹਾਨੂੰ ਵੇਖ ਲਿਆ ਸੀ ਮੋਟਰ ਸਾਈਕਲ 'ਤੇ ਆਉਂਦੇ ਹੋਏ।

ਪ੍ਰਕਾਸ਼ : ਵਧਾਈਆਂ ਹੋਣ, ਮੇਜਰ ਆਉਣ ਈ ਵਾਲਾ ਏ।

ਸੁਰਜੀਤ : ਤੁਹਾਨੂੰ ਵੀ ਹੋਣ ਭਾਅ ਜੀ। ਮੈਂ ਅੱਜ ਬਹੁਤ ਖੁਸ਼ ਹਾਂ।

ਪ੍ਰਕਾਸ਼ : ਸਿਹਤ ਕਮਜ਼ੋਰ ਹੋ ਰਹੀ ਏ ਸੁਰਜੀਤ ਸਿੰਹਾਂ?

ਸੁਰਜੀਤ : ਆਪਾਂ ਇਸ ਉਮਰੇ ਕਿਹੜਾ ਗਾਮੇ ਪਹਿਲਵਾਨ ਨਾਲ ਕੁਸ਼ਤੀ ਕਰਨੀ ਏ। ਆਪਣੀ ਸਿਹਤ ਤਾਂ ਚਲਦੀ ਜਾ ਰਹੀ ਏ, ਪਰ ਤੁਹਾਡੀ ਭੈਣ ਦੀ ਸ਼ੂਗਰ......

ਕਮਲੇਸ਼ : ਅੱਜ ਮੇਰਾ ਖ਼ਿਆਲ ਵੀ ਆ ਗਿਐ।

*(ਦੋ ਗਲਾਸ ਪੈਪਸੀ ਕੋਲਾ ਮੇਜ 'ਤੇ ਧਰਦੀ ਹੈ)*

ਸੁਰਜੀਤ : ਭਾਅ ਜੀ, ਤੁਹਾਡੇ ਗਲਾਸ 'ਚ ਪਾਵਾਂ ਤੂੰਬਾ ਕੁ।

ਪ੍ਰਕਾਸ਼ : ਮੇਜਰ ਨੂੰ ਆ ਲੈਣ ਦੇ, ਫਿਰ ਲਾਉਂਦੇ ਹਾਂ ਅਖਾੜਾ।

ਸੁਰਜੀਤ : ਕੁਦਰਤ ਦਾ ਲੱਖ ਲੱਖ ਸ਼ੁਕਰ ਏ ਅਖਾੜਾ ਲਾਉਣ ਦਾ ਮੌਕਾ ਮਿਲਿਐ।

ਕਮਲੇਸ਼ : *(ਸੁਰਜੀਤ ਨੂੰ)* ਮੁੰਡਾ ਆ ਰਿਹੈ ਘਰ, ਕਿਸੇ ਲੰਡੀ ਬੁੱਚੀ ਨੂੰ ਨਾ ਘਰ ਸੱਦ ਲਵੀਂ।

ਸੁਰਜੀਤ : ਅੱਜ ਤਾਂ ਭਾਅ ਜੀ ਪ੍ਰਕਾਸ਼ ਸਿੰਘ ਰੰਗ ਬੰਨੇਗਾ।

ਪ੍ਰਕਾਸ਼ : ਹੁਣ ਸੁਣ ਲਓ ਕੰਮ ਦੀ ਗੱਲ। ਮੇਜਰ ਆ ਰਿਹੈ ਵਿਆਹ

ਕਰਾਉਣ। ਝੱਟ ਮੰਗਣੀ ਪਟ ਵਿਆਹ। ਤੁਹਾਨੂੰ ਉਹਦੇ ਲਈ ਸੋਹਣੀ ਕੁੜੀ ਚਾਹੀਦੀ ਏ ਕਿ ਦਾਜ?

ਕਮਲੇਸ਼ : ਦੋਵੇਂ ਈ ਚਲਦੇ ਨੇ।

ਸੁਰਜੀਤ : ਮੇਰੀ ਤਾਂ ਕੋਈ ਮੰਗ ਨਹੀਂ। ਮੇਜਰ ਨੂੰ ਜੀਵਨ ਸਾਥੀ ਚੱਜ ਦਾ ਮਿਲ ਜਾਏ, ਸਮਝੋ ਸਭ ਕੁਝ ਆ ਗਿਐ।

ਕਮਲੇਸ਼ : ਤੈਨੂੰ ਤਾਂ ਬੋਤਲ ਚਾਹੀਦੀ ਏ, ਵਿਆਹ 'ਚ ਬਹੁਤ ਕੁਝ ਚਲਦੈ, ਲੋਕ ਕਾਰਾਂ ਦਿੰਦੇ ਨੇ ਬਾਹਰਲੇ ਮੁੰਡਿਆਂ ਨੂੰ, ਸੋਨਾ, ਕੈਸ਼, ਫਰਨੀਚਰ ਤੇ ਹੋਰ ਬਹੁਤ ਕੁਝ।

ਪ੍ਰਕਾਸ਼ : ਮੇਜਰ ਨੂੰ ਪੁੱਛ ਲਵਾਂਗੇ, ਉਹਦੀ ਕੀ ਪਸੰਦ ਏ। ਕਾਰ ਚਾਹੀਦੀ ਏ ਕਿ ਮੂੰਹ ਮੱਥੇ ਲਗਦੀ ਮੁਟਿਆਰ।

ਕਮਲੇਸ਼ : ਯਾਦ ਆਇਐ, ਅੱਜ ਰਾਤ ਨੂੰ ਸੱਤ ਵਜੇ ਮੈਂ ਫੀਤਾ ਕੱਟਣਾ ਏ ਨਾਟਕ ਦਾ।

ਪ੍ਰਕਾਸ਼ : ਤੂੰ ਉਦਘਾਟਨ ਕਰੇਂਗੀ? ਮੇਰੀ ਭੈਣ ਵੀ ਲੀਡਰ ਬਣ ਗਈ।

ਕਮਲੇਸ਼ : ਹੋਰ ਲੀਡਰਾਂ ਦੇ ਕਿਹੜਾ ਸਿੰਗ ਲੱਗੇ ਹੁੰਦੇ ਨੇ।

ਪ੍ਰਕਾਸ਼ : ਪਰ ਸਾਡੇ ਖ਼ਾਨਦਾਨ 'ਚੋਂ ਤੂੰ ਪਹਿਲੀ ਏਂ ਜਿਹਨੇ ਸਟੇਜ 'ਤੇ ਚੜ੍ਹ ਕੇ ਰਿਬਨ ਕੱਟਣਾ ਏ।

ਕਮਲੇਸ਼ : ਹੋ ਗਈ ਨਾ ਕਮਾਲ। *(ਹੱਸਦੀ ਹੈ)*

ਸੁਰਜੀਤ : ਭਾਅ ਜੀ, ਇਹਨੂੰ ਪੁੱਛ ਕਿ ਨਾਟਕ ਹੁੰਦਾ ਕੀ ਏ?

ਕਮਲੇਸ਼ : ਤੈਨੂੰ ਕਿਉਂ ਨਹੀਂ ਕਿਹਾ ਫੀਤਾ ਕੱਟਣ ਲਈ? *(ਪ੍ਰਕਾਸ਼ ਸਿੰਘ ਨੂੰ)* ਵੀਰ, ਛੇ ਸੱਤ ਬੰਦੇ ਆਏ ਸੀ, ਕਹਿੰਦੇ ਸੀ ਅਸੀਂ ਕਲਾਕਾਰ ਹਾਂ ਤੇ ਨਾਟਕ ਖੇਡਣੈ ਕਾਲਜ ਦੇ ਹਾਲ ਵਿੱਚ।

ਪ੍ਰਕਾਸ਼ : ਅੱਛਾ....

ਕਮਲੇਸ਼ : ਉਹ ਕਹਿੰਦੇ ਕਿ ਕਲਾਕਾਰਾਂ ਦੀ ਹੌਂਸਲਾ ਅਫਜਾਈ ਲਈ ਦਸ ਕੁ ਹਜ਼ਾਰ ਦਾਨ ਕਰੋ। ਮੈਂ ਹਾਂ ਕਰਤੀ, ਉਹਨਾਂ ਜੈਕਾਰਾ ਛੱਡ ਦਿੱਤਾ।

ਪ੍ਰਕਾਸ਼ : ਨਹੀਂ ਰੀਸਾਂ ਸਾਡੀ ਭੈਣ ਦੀਆਂ।

ਕਮਲੇਸ਼ : ਅਸਾਂ ਸਾਰਿਆਂ ਸਟੇਜ 'ਤੇ ਚੜ੍ਹਨੈ। ਫਿਰ ਦਸ ਪੰਦਰਾਂ ਮਿੰਟ ਨਾਟਕ ਵੇਖ ਕੇ ਘਰ ਆ ਕੇ ਖਾਣ ਪੀਣ ਕਰਿਓ।

ਸੁਰਜੀਤ : ਤੁਸੀਂ ਤੁਰ ਜਾਇਓ ਸਾਰੇ, ਮੈਨੂੰ ਰਹਿਣ ਦਿਓ ਘਰ।



ਕਮਲੇਸ਼ : ਆਹੋ, ਘਰ ਦੀ ਰਾਖੀ ਲਈ ਵੀ ਤਾਂ ਕੋਈ ਚਾਹੀਦੈ ਏ ਨਾ।

*(ਕਾਰ ਦੇ ਹਾਰਨ ਵੱਜਨ ਦੀ ਆਵਾਜ਼ ਆਉਂਦੀ ਹੈ)*

ਆ ਗਿਆ ਮੇਰਾ ਮੇਜਰ, ਆ ਜਾਓ ਹਾਰ ਲੈ ਕੇ। ਮੈਂ ਤੇਲ ਚੋਅ ਲਵਾਂ।

*(ਜ਼ਮੀਨ 'ਤੇ ਤੇਲ ਸੁੱਟਦੀ ਹੈ, ਮੇਜਰ ਅੰਦਰ ਆਉਂਦਾ ਹੈ। ਕੱਟੇ ਹੋਏ ਵਾਲਾਂ 'ਚ ਹੱਥ ਫੇਰਦਾ ਹੈ, ਉਸ ਨੇ ਪੈਂਟ ਕੋਟ ਪਹਿਨਿਆ ਹੋਇਆ ਹੈ, ਟਾਈ ਲਗਾਈ ਹੈ, ਬੜਾ ਖੁਸ਼ ਵਿਖਾਈ ਦਿੰਦਾ ਹੈ)*

ਮੇਜਰ : *(ਕਮਲੇਸ਼ ਦੈ ਪੈਰਾਂ ਨੂੰ ਹੱਥ ਲਾਉਂਦਾ ਹੋਇਆ)* ਮੰਮੀ, ਠੀਕ ਹੋ?

ਕਮਲੇਸ਼ : ਆਪਣੇ ਚੰਨ ਜਿਹੇ ਪੁੱਤਰ ਨੂੰ ਵੇਖ ਕੇ ਤਾਂ ਮੈਨੂੰ ਸਭ ਬਿਮਾਰੀਆਂ ਭੁੱਲ ਗਈਆਂ, ਮੇਰੇ ਘਰ ਖੁਸ਼ੀਆਂ ਆ ਗਈਆਂ ਪੁੱਤਰ ਦੇ ਆਉਣ ਨਾਲ।

*(ਪ੍ਰਕਾਸ਼ ਸਿੰਘ ਅਤੇ ਸੁਰਜੀਤ ਸਿੰਘ ਵਾਰੋ ਵਾਰੀ ਮੇਜਰ ਸਿੰਘ ਦੇ ਗਲ ਵਿੱਚ ਹਾਰ ਪਾਉਂਦੇ ਹਨ)*

ਸੁਰਜੀਤ : *(ਮੇਜਰ ਨੂੰ ਗਲਵਕੜੀ ਪਾਉਂਦਾ ਹੋਇਆ)* ਘਰ ਰੌਣਕ ਹੋ ਗਈ... ਪੁੱਤਰਾਂ ਬਿਨਾਂ ਕਾਹਦਾ ਘਰ... *(ਰੋ ਪੈਂਦਾ ਹੈ)*

ਮੇਜਰ : ਡੈਡੀ, ਮੈਂ ਵੀ ਤੁਹਾਨੂੰ ਕਿੰਨਾ ਮਿਸ ਕੀਤਾ, ਪਰ ਕੰਮ ਤਾਂ ਕਰਨਾ ਹੀ ਏ ਆਪਣੇ ਪੈਰਾਂ ਤੇ ਖੜ੍ਹੇ ਹੋਣ ਵਾਸਤੇ।

ਕਮਲੇਸ਼ : ਤੁਸੀਂ ਸਾਰੇ ਸੋਫ਼ੇ ਤੇ ਬੈਠ ਜਾਓ, ਪਹਿਲਾਂ ਚਾਹ ਪੀ ਲਓ। ਬਾਕੀ ਗੱਲਾਂ ਤਾਂ ਚਲਦੀਆਂ ਰਹਿਣਗੀਆਂ।

ਮੇਜਰ : ਮੰਮੀ, ਮੈਨੂੰ ਫਿੱਕੀ ਚਾਹ ਦੇਣਾ।

ਸੁਰਜੀਤ : ਖੰਡ ਨਹੀਂ ਪਾਉਣੀ ਚਾਹ ਵਿੱਚ?

ਮੇਜਰ : ਨਹੀਂ ਡੈਡੀ, ਥੋੜੀ ਸ਼ੂਗਰ ਦੀ ਪਰਾਬਲਮ ਏ।

ਕਮਲੇਸ਼ : *(ਚਿੰਤਤ ਹੁੰਦੀ ਹੋਈ)* ਤੈਨੂੰ ਵੀ ਮਾਂ ਵਾਲਾ ਰੋਗ ਲੱਗ ਗਿਐ।

ਪ੍ਰਕਾਸ਼ : ਅੱਜ ਨਾ ਸ਼ੂਗਰ ਦੀ ਗੱਲ ਕਰੋ, ਅੱਜ ਖੁਸ਼ੀਆਂ ਮਨਾਓ ਖੁਸ਼ੀਆਂ। ਨਾਲੇ ਮੇਜਰ ਲਈ ਕੁੜੀ ਵੀ ਤਾਂ ਲੱਭਣੀ ਏ ਸੋਨੇ ਵਰਗੀ।

*(ਤਿੰਨ ਚਾਰ ਮੰਗਣ ਵਾਲੀਆਂ ਔਰਤਾਂ ਆਉਂਦੀਆਂ ਹਨ)*

ਔਰਤਾਂ : ਵਧਾਈ ਹੋਵੇ, ਉਪਰ ਵਾਲੇ ਨੇ ਦਾਤਾਂ ਬਖਸ਼ੀਆਂ ਨੇ। ਪੁੱਤਰ ਲੈ ਕੇ ਆਇਐ ਨੋਟਾਂ ਦੀਆਂ ਪੰਡਾਂ *(ਗਾਉਂਦੀਆਂ ਹਨ ਅਤੇ ਹਲਕਾ ਹਲਕਾ ਨਾਚ ਵੀ ਕਰਦੀਆਂ ਹਨ)*
ਚੰਨ ਚੜ੍ਹਿਆ ਚਾਂਦਨੀ ਹੋਈ, ਵਾਰ ਵਾਰ ਤੱਕ ਲਓ ਜੀ।
ਬੋਲੀਆਂ ਦੀ ਝੜੀ ਲਾ ਕੇ, ਕੱਠੇ ਹੋ ਕੇ ਨੱਚ ਲਓ ਜੀ।

ਕਮਲੇਸ਼ : ਆਹ ਲਓ ਪੰਜ ਸੌ ਦਾ ਖੜਕਦਾ ਨੋਟ।

ਔਰਤਾਂ ਵਿੱਚੋਂ ਇੱਕ : ਵਧਾਈ ਹੋਵੇ, ਫਿਰ ਮੁੰਡੇ ਦੀ ਕੁੜਮਾਈ ਹੋਵੇ।
ਸੋਹਣੀ ਕੁੜੀ ਨਾਲ ਕਰੇ ਵਿਆਹ, ਵੇਖਿਓ ਸ਼ਗਨਾਂ ਦਾ ਚਾਅ।
ਸਰਦਾਰਨੀਏ, ਅਸੀਂ ਤਾਂ ਇੱਕੀ ਸੌ ਲੈਣੈ।

ਕਮਲੇਸ਼ : ਹੁਣ ਜਾਵੋ, ਬਾਕੀ ਵਿਆਹ ’ਤੇ ਖੁਸ਼ ਕਰਾਂਗੀ।

ਔਰਤਾਂ : ਸੋਹਣੀ ਕੁੜੀ ਨਾਲ ਕਰੇ ਵਿਆਹ
ਵੇਖਿਓ, ਸ਼ਗਨਾਂ ਦਾ ਚਾਅ। *(ਗਾਉਂਦੀਆਂ ਚਲੀਆਂ ਜਾਂਦੀਆਂ ਹਨ)*

ਮੇਜਰ : ਮਾਮਾ ਜੀ, ਆਹ ਫੋਟੋ ਵੇਖਿਓ *(ਫੋਟੋ ਵਿਖਾਉਂਦਾ ਹੈ)* ਇਹਦੇ ਨਾਲ ਕਰਵਾ ਦਿਓ।

ਪ੍ਰਕਾਸ਼ : ਪਛਾਣ ਗਿਆਂ, ਕਾਲਜ ਪੜ੍ਹਦੀ ਏ ਚੌਦਵੀਂ ਵਿੱਚ, ਮੇਰੇ ਪਿੰਡ ਦੀ ਏ।

ਮੇਜਰ : ਚੌਦਵੀਂ ਦਾ ਚੰਨ ਆਪਣੇ ਘਰ ਚੜ੍ਹੇ, ਸੋਨੇ ਦਾ ਮੋਟਾ ਕੜਾ ਤੁਹਾਨੂੰ........

ਪ੍ਰਕਾਸ਼ : ਚੁੱਪ, ਮਸਤ ਰਹਿ। ਸਾਰੀ ਗੇਮ ਆਪੇ ਸੈੱਟ ਕਰਾਂਗਾ। *(ਮੇਜਰ ਅਤੇ ਪ੍ਰਕਾਸ਼ ਆਪਸ ਵਿੱਚ ਹੱਥ ਮਿਲਾਉਂਦੇ ਹੋਏ ਸਟਿੱਲ ਹੋ ਜਾਂਦੇ ਹਨ)*



## *ਦ੍ਰਿਸ਼ ਗਿਆਰਾਂ*

ਸਥਾਨ : *ਮੰਚ ਦੀ ਸਟੇਜ ਨੂੰ ਦੋ ਭਾਗਾਂ ਵਿੱਚ ਰੋਸ਼ਨੀਆਂ ਰਾਹੀਂ ਵੰਡਿਆ ਗਿਆ ਹੈ। ਸਟੇਜ ਦਾ ਖੱਬਾ ਭਾਗ ਨਾਟਕ ਮੰਚਨ ਲਈ ਹੈ। ਜਦ ਕਿ ਸਟੇਜ ਦਾ ਸੱਜੇ ਪਾਸੇ ਦਾ ਭਾਗ ਵਿਸ਼ੇਸ਼ ਮਹਿਮਾਨਾਂ ਲਈ ਹੈ ਜੋ ਛੋਟੇ ਅਕਾਰ ਦਾ ਹੈ, ਇਸ ਭਾਗ ’ਚ ਛੇ ਸੱਤ ਕੁਰਸੀਆਂ ਰੱਖੀਆਂ ਗਈਆਂ ਹਨ।*

ਸਟੇਜ ਸਕੱਤਰ : ਸਤਿਕਾਰਯੋਗ ਹਾਜ਼ਰੀਨ, ਸਾਡੀ ਸੰਸਥਾ ਵੱਲੋਂ ਨਾਟਕ ਪੇਸ਼ ਕੀਤਾ ਜਾ ਰਿਹਾ ਹੈ– ‘ਦੂਲਹਾ ਵਿਕਾਊ ਹੈ’। ਮੁੱਖ ਮਹਿਮਾਨ ਮੈਡਮ ਕਮਲੇਸ਼ ਕੌਰ ਆਪਣੇ ਪਰਿਵਾਰ ਸਮੇਤ ਤੁਹਾਡੇ ਸੱਜੇ ਪਾਸੇ ਵਾਲੇ ਸਟੇਜ ਦੇ ਭਾਗ ’ਤੇ ਬਿਰਾਜਮਾਨ ਹੋ ਚੁੱਕੇ ਹਨ। ਮੈਂ ਉਹਨਾਂ ਨੂੰ ਬੇਨਤੀ ਕਰਦਾਂ ਹਾਂ ਕਿ ਉਹ ਮੁੱਖ ਸਟੇਜ ’ਤੇ ਆ ਕੇ ਪ੍ਰੋਗਰਾਮ ਦਾ ਉਦਘਾਟਨ ਕਰਨ।
(ਕਮਲੇਸ਼ ਕੌਰ ਦੇ ਗਲ ਵਿੱਚ ਹਾਰ ਨਜ਼ਰ ਆਉਂਦੇ ਹਨ, ਉਸ ਨਾਲ ਉਸ ਦਾ ਪੁੱਤਰ ਮੇਜਰ ਅਤੇ ਭਰਾ ਪ੍ਰਕਾਸ਼ ਸਿੰਘ ਵੀ ਹਨ। ਕਮਲੇਸ਼ ਕੌਰ ਕੈਂਚੀ ਨਾਲ ਫੀਤਾ ਕੱਟਦੀ ਹੈ ਅਤੇ ਤਾੜੀਆਂ ਦੀ ਆਵਾਜ਼ ਸੁਣਦੀ ਹੈ।

ਸਟੇਜ ਸਕੱਤਰ : *(ਕਮਲੇਸ਼ ਕੌਰ ਨੂੰ)* ਮੈਡਮ ਜੀ, ਕੁੱਝ ਬੋਲੋਗੇ ਵੀ?

ਕਮਲੇਸ਼ : *(ਮਾਈਕ ਫੜ ਕੇ)* ਸਾਰਿਆਂ ਨੂੰ ਸਾਸਰੀ ਕਾਲ। ਨਾਟਕ ਵੇਖੋ ਤੇ ਖੁਸ਼ੀਆਂ ਮਾਣੋ। ਇਹ ਲਓ ਦਸ ਹਜ਼ਾਰ। *(ਸਟੇਜ ਸਕੱਤਰ ਨੂੰ ਦਸ ਹਜ਼ਾਰ ਰੁਪਏ ਫੜਾਉਂਦੀ ਹੈ)*

ਪ੍ਰਕਾਸ਼ : *(ਸਟੇਜ ਸਕੱਤਰ ਨੂੰ)* ਆਹ ਇੱਕ ਹਜ਼ਾਰ ਹੋਰ ਪਾ ਲਓ। ਮੇਰੀ ਭੈਣ ਏ, ਇਹਦੇ ਵੱਲੋਂ ਹੋ ਗਿਐ ਗਿਆਰਾਂ ਹਜ਼ਾਰ।

ਸਟੇਜ ਸਕੱਤਰ : ਅਸੀਂ ਦਸ ਹਜ਼ਾਰ ਦੀ ਬੇਨਤੀ ਕੀਤੀ ਸੀ, ਮਿਲ ਗਿਐ ਗਿਆਰਾਂ ਹਜ਼ਾਰ, ਜ਼ੋਰਦਾਰ ਤਾੜੀਆਂ *(ਤਾੜੀਆਂ ਦੀ*

*ਆਵਾਜ਼)* ਹਾਜ਼ਰੀਨ, ਨਾਟਕ ਦੇ ਦੋ ਭਾਗ ਹਨ। ਮੈਡਮ ਕਮਲੇਸ਼ ਕੌਰ ਨੇ ਪਹਿਲੇ ਭਾਗ ਦਾ ਉਦਘਾਟਨ ਕੀਤਾ ਹੈ, ਸੋ ਬੇਨਤੀ ਹੈ ਕਿ ਉਹ ਨਾਟਕ ਦਾ ਪਹਿਲਾ ਭਾਗ ਜ਼ਰੂਰ ਵੇਖਣ।

*(ਕਮਲੇਸ਼ ਕੌਰ, ਪ੍ਰਕਾਸ਼ ਸਿੰਘ ਅਤੇ ਮੇਜਰ ਸਿੰਘ ਆਪਣੀਆਂ ਕੁਰਸੀਆਂ 'ਤੇ ਬੈਠ ਜਾਂਦੇ ਹਨ, ਨਾਟਕ ਦਾ ਪਹਿਲਾ ਭਾਗ ਸ਼ੁਰੂ ਹੁੰਦਾ ਹੈ)*

*(ਖੱਬੇ ਪਾਸੇ ਰੋਸ਼ਨੀ ਬੁੱਝਣ ਬਾਅਦ ਫਿਰ ਪੈਂਦੀ ਹੈ, ਇੱਕ ਬੰਦਾ ਨਜ਼ਰ ਆਉਂਦਾ ਹੈ)*

ਬੰਦਾ : *(ਆਪਣੇ ਆਪ ਨੂੰ ਥਾਪੀ ਦਿੰਦਾ ਹੋਇਆ)*
ਵਿਗੜੇ ਤਿਗੜੇ ਕੰਮ ਬਣਾਉਣਾ
ਹੈ ਇਹ ਕੰਮ ਵਿਚੋਲੇ ਦਾ।
ਚੰਗੇ ਭਲੇ ਨੂੰ ਬੁੱਧੂ ਬਨਾਉਣਾ
ਹੈ ਇਹ ਕੰਮ ਵਿਚੋਲੇ ਦਾ।
ਅੰਨ੍ਹੇ, ਕਾਣੇ, ਬੋਲੇ, ਗੰਜੇ,
ਸਿਹਰੇ ਲਾ ਘੋੜੀ 'ਤੇ ਚੜ੍ਹਾਉਣਾ।
ਹੈ ਇਹ ਕੰਮ ਵਿਚੋਲੇ ਦਾ।
ਮਾੜਕੂ ਨੂੰ ਕਹਿਣਾ ਮੋਟੇ
ਹੈ ਇਹ ਕੰਮ ਵਿਚੋਲੇ ਦਾ।
ਵੇਚਣੇ ਜੇ ਲੰਡੇ ਝੋਟੇ
ਹੈ ਇਹ ਕੰਮ ਵਿਚੋਲੇ ਦਾ।

*(ਵਿਆਹ ਕਰਵਾਉਣ ਦੇ ਯੋਗ ਨੌਜਵਾਨ ਲੜਕੀ ਦਾ ਪਿਤਾ ਰੁਲਦੂ ਅਤੇ ਉਸਦੀ ਪਤਨੀ ਰਾਧੀ ਆਉਂਦੇ ਹਨ)*

ਰੁਲਦੂ : ਵਿਚੋਲੇ ਭਾਈ, ਮੇਰੀ ਸ਼ੀਲਾ ਹੋਈ ਭਰ ਜਵਾਨ
ਉਹਦੇ ਹੱਥ ਪੀਲੇ ਕਰਨੇ, ਸੋਚ ਸੋਚ ਹੋਇਆ ਪਰੇਸ਼ਾਨ।

ਰਾਧੀ : ਹਾਂ ਭਰਾਵਾਂ, ਤੂੰ ਹੀ ਕਰ ਕੋਈ ਹੀਲਾ
ਤੇਰੀ ਹੀ ਧੀ ਏ ਮੇਰੀ ਸ਼ੀਲਾ।

ਵਿਚੋਲਾ : ਸੁੱਟ ਦਿਓ ਸਾਰੀ ਮੁਸ਼ਕਲ ਮੇਰੇ ਸਿਰ 'ਤੇ
ਹੁਣ ਨਾ ਕਰਨਾ ਕੋਈ ਪਰਵਾਹ।
ਕਿਹੜੀ ਜੁਗਤ ਨਾਲ ਉੱਲੂ ਸਿੱਧਾ ਕਰਨਾ



ਆਉਂਦੇ ਮੈਨੂੰ ਬਥੇਰੇ ਦਾਅ।
ਅਸੀਂ ਹਾਂ ਇੰਟਰਨੈਸ਼ਨਲ ਵਿਚੋਲੇ
ਰੱਖਣੇ ਆਉਂਦੇ ਸਾਨੂੰ ਓਹਲੇ।

ਰਾਧੀ : ਮੇਰੀ ਧੀ ਲਾਡਲੀ ਰਾਣੀ।
ਸੋਹਣੀ, ਸੁਨੱਖੀ ਕਿੰਨੀ ਸਿਆਣੀ।

ਵਿਚੋਲਾ : ਡੈਣ ਪਿੰਡ ਦਾ ਮੁੰਡਾ ਅਮਰੀਕਾ ਤੋਂ ਆਇਆ ਏ।
ਪੰਡ ਬੰਨ ਕੇ ਉਹ ਨੋਟ ਲਿਆਇਆ ਏ।
ਤੁਹਾਡੀ ਬੇਟੀ, ਉੱਚੀਂ ਮਹਿਲੀਂ ਬਹਿ ਕੇ ਹੁਕਮ ਚਲਾਵੇਗੀ
ਨੌਕਰਾਂ ਦੀ ਫੌਜ ਪਿੱਛੇ ਭੱਜੀ ਆਵੇਗੀ।

ਰਾਧੀ : (ਹੱਥ ਜੋੜਦੀ ਹੋਈ) ਫਿਰ ਤੂੰ ਰਿਸ਼ਤਾ ਜ਼ਰੂਰ ਕਰਵਾ।

ਰੁਲਦੂ : ਸੋਨੇ ਦੇ ਕੜੇ ਦਾ ਇਨਾਮ ਪਾ।

ਵਿਚੋਲਾ : ਮੁੰਡਾ ਅਮਰੀਕਾ ਤੋਂ ਛੁੱਟੀ ਆਇਆ ਏ
ਪੰਡ ਬੰਨ ਕੇ ਉਹ ਨੋਟ ਲਿਆਇਆ ਏ।

*(ਵਿਚੋਲਾ ਗਾਉਂਦਾ ਹੋਇਆ ਨੱਚਦਾ ਹੈ, ਰੁਲਦੂ ਅਤੇ ਰਾਧੀ ਵੀ ਗਾਉਣ ਦੇ ਨਾਲ ਨਾਲ ਨੱਚਦੇ ਹਨ। ਰੋਸ਼ਨੀ ਬੁੱਝਣ ਬਾਅਦ ਜਗਦੀ ਹੈ, ਅਮਰੀਕਾ ਵਾਲੇ ਮੁੰਡੇ ਦਾ ਪਿਤਾ ਲਾਟੂ, ਮਾਤਾ ਜੁਗਨੀ ਅਤੇ ਵਿਚੋਲਾ ਨਜ਼ਰ ਆਉਂਦੇ ਹਨ)*

ਵਿਚੋਲਾ : ਕੁੜੀ ਕਿੰਨੀ ਸੋਹਣੀ, ਸੁਨੱਖੀ ਏ।
ਨੱਕ 'ਤੇ ਨਹੀਂ ਬਹਿੰਦੀ ਮੱਖੀ ਏ।
ਕੁੜੀ ਬੀ.ਏ ਪਾਸ, ਤੁਹਾਡਾ ਕਾਕਾ ਪੰਜ ਪਾਸ
ਤੁਹਾਡੇ ਘਰ ਦੀ ਹੋਣੀ ਤਰੱਕੀ ਏ।
*(ਵਿਚੋਲਾ, ਦੋਹਾਂ ਨੂੰ ਕੁੜੀ ਦੀ ਫੋਟੋ ਵਿਖਾਉਂਦਾ ਹੈ)*

ਜੁਗਨੀ : *(ਵਿਚੋਲੇ ਨੂੰ)* ਸਾਫ਼ ਸਾਫ਼ ਮੈਂ ਆਖਾਂ ਤੈਨੂੰ
ਕੁੜੀ ਤਾਂ ਜਾਪੇ ਭੈਂਗੀ।
ਨੈਣ ਨਕਸ਼ ਨੇ ਟੋਏ ਟਿੱਬੇ
ਸਾਡੇ ਲਈ ਇਹ ਸਾਂਝ ਮਹਿੰਗੀ
ਪਰ.......

ਵਿਚੋਲਾ : ਪਰ ਕੀ?

ਜੁਗਨੀ : ਪਰ ਜੇ ਦਿਓ ਵੱਡੀ ਕਾਰ
ਚੱਲ ਜਾਏਗੀ ਇਹੋ ਮੁਟਿਆਰ।
ਸਾਡੇ ਤੇ ਇਤਬਾਰ ਕਰਨਾ

ਕੁੜੀ ਉਹਨਾਂ ਦੀ ਕਰੇਗੀ ਐਸ਼।

ਲਾਟੂ : ਪਰ ਐਸ਼ ਗੱਲੀਬਾਤੀਂ ਤਾਂ ਹੋਣੀ ਨਹੀਂ
ਝੋਲੀ ਸੁੱਟ ਦਿਓ ਦਸ ਲੱਖ ਕੈਸ਼।
ਸਾਡੇ ਘਰ ਸੀ ਪਹਿਲਾਂ ਬਲੈਕ ਐਂਡ ਵਾਈਟ ਟੀ.ਵੀ.
ਪਰ ਹੁਣ ਮੇਰੀ ਕਹਿੰਦੀ ਬੀਵੀ।

ਜੁਗਨੀ : ਬੜਾ ਵੇਖਿਆ ਇਸ ਟੀਵੀ ਨੂੰ
ਕਾਲੀ ਫੋਟੋ ਨਹੀਂ ਚੰਗੀ ਲਗਦੀ।
ਇਸ ਟੀਵੀ ਤੋਂ ਮਨ ਭਰ ਗਿਐ
ਹੇਮਾ ਮਾਲਣੀ ਨਹੀਂ ਚੰਗੀ ਜਚਦੀ।

ਲਾਟੂ : ਸੋਨੀ ਰੰਗਦਾਰ ਟੀਵੀ ਹੋਵੇ
ਨਾਲ ਹੋਵੇ ਰਿਮੋਟ ਕੰਟਰੋਲ।
ਰਜਾਈ 'ਚ ਬੈਠੇ ਬਟਨ ਦਬਾਈਏ
ਗੁਆਂਢੀਆਂ ਨੂੰ ਪੈ ਜਾਣ ਹੌਲ।

ਜੁਗਨੀ : ਮੇਰੇ ਗਲੇ ਦਾ ਰੱਖੀਂ ਖਿਆਲ
ਸੋਨੇ ਦਾ ਇੱਕ ਪਵਾ ਦੇ ਹਾਰ
ਮੈਂ ਵੀ ਬਣ ਜਾਵਾਂ ਮੁਟਿਆਰ।

ਲਾਟੂ : ਵੇਖ ਜ਼ਰਾ ਮੇਰੀ ਖਾਲੀ ਬਾਂਹ
ਭਾਰਾ ਜਿਹਾ ਤੂੰ ਕੜਾ ਪਵਾ।
ਨਗਾਂ ਵਾਲੀ ਮੁੰਦਰੀ ਪੈ ਜਾਏ
ਉਂਗਲ ਦਾ ਦੇਵੇ ਟੋਹਰ ਬਣਾ।

ਵਿਚੋਲਾ : ਸ਼ੋਰ ਬੰਦ ਕਰੋ, ਜ਼ਰਾ ਬੰਦ ਕਰੋ।

ਲਾਟੂ ਅਤੇ ਜੁਗਨੀ : ਪ੍ਰਬੰਧ ਕਰੋ, ਪ੍ਰਬੰਧ ਕਰੋ।
*(ਸਟੇਜ ਦੇ ਸੱਜੇ ਪਾਸੇ ਵਾਲੇ ਭਾਗ 'ਤੇ ਰੋਸ਼ਨੀ ਪੈਂਦੀ ਹੈ)*

ਕਮਲੇਸ਼ : ਅਮਰੀਕਾ ਵਾਲੇ ਮੁੰਡੇ ਦੇ ਮਾਂ ਪਿਓ ਨੇ ਚੰਗੀ ਸੁੱਟੀ ਠਾਹ-ਠਾਹ ਗੱਲ। ਮੈਨੂੰ ਬੜੀ ਪਸੰਦ ਆਈ। ਘਰ ਇਵੇਂ ਭਰਦੇ ਨੇ ਦਾਜ ਨਾਲ।

ਮੇਜਰ : ਮੰਮੀ ਘਬਰਾ ਨਾ, ਘਰ ਤਾਂ ਕੱਲ੍ਹ ਹੀ ਭਰ ਦਿਆਂਗੇ। ਤੂੰ ਚਿੰਤਾ ਨਹੀਂ ਕਰਨੀ ਇਕ ਪੈਸੇ ਦੀ। *(ਕਮਲੇਸ਼ ਰੋਣ ਹਾਕੀ ਹੋ ਜਾਂਦੀ ਹੈ)*

ਦੂਰੋਂ ਆਵਾਜ਼ਾਂ : ਮੁੰਡਾ ਅਮਰੀਕਾ ਤੋਂ ਛੁੱਟੀ ਆਇਆ ਏ
ਪੰਡ ਬੰਨ ਕੇ ਉਹ ਨੋਟ ਲਿਆਇਆ ਏ ।

*(ਹਨੇਰਾ ਹੋ ਜਾਂਦਾ ਹੈ)*



## *ਦ੍ਰਿਸ਼ ਬਾਰਾਂ*

ਸਥਾਨ : *ਸੁਰਜੀਤ ਸਿੰਘ ਦੀ ਗੈਲਰੀ (ਵਰਾਂਡੇ) 'ਚ ਰੱਖੇ ਸੋਫ਼ਿਆਂ 'ਤੇ ਪ੍ਰਕਾਸ਼ ਸਿੰਘ, ਮੇਜਰ ਸਿੰਘ ਅਤੇ ਸੁਰਜੀਤ ਸਿੰਘ ਬੈਠੇ ਹਨ, ਕਮਲੇਸ਼ ਕੌਰ ਚਾਹ ਦੇ ਕੱਪ ਮੇਜ 'ਤੇ ਰੱਖਦੀ ਹੈ)*

ਪ੍ਰਕਾਸ਼ : ਮੇਰਾ ਪੂਰਾ ਜ਼ੋਰ ਲੱਗ ਗਿਐ ਮੇਜਰ ਦੇ ਰਿਸ਼ਤੇ ਲਈ ਕੁੜੀ ਵਾਲਿਆਂ ਨੂੰ ਮਨਾਉਣ ਵਾਸਤੇ।

ਮੇਜਰ : ਮਾਮਾ ਜੀ, ਥੈਂਕ ਯੂ ਵੈਰੀ ਮੱਚ।

ਪ੍ਰਕਾਸ਼ : ਭਾਣਜੇ ਦੀ ਖਾਤਿਰ ਐਨਾ ਝੂਠ ਬੋਲਣਾ ਪਿਐ, ਪੂਰੀ ਜ਼ਿੰਦਗੀ 'ਚ ਇੰਨਾ ਝੂਠ ਨਹੀਂ ਬੋਲਿਆ ਮੈਂ।

ਕਮਲੇਸ਼ : ਝੂਠ ਬੋਲਣ ਦੀ ਕੀ ਲੋੜ ਸੀ, ਮੇਰੇ ਮੇਜਰ ਨੂੰ ਰਿਸ਼ਤਿਆਂ ਦਾ ਘਾਟਾ ਏ ਕਿਤੇ। ਇੱਕ ਨੂੰ ਵਾਜ ਮਾਰਾਂ, ਸੌ ਭੱਜੇ ਆਉਣਗੇ ਸਾਡੇ ਵੱਲ।

ਪ੍ਰਕਾਸ਼ : ਤੂੰ ਨਹੀਂ ਜਾਣਦੀ ਇਹਨਾਂ ਪੜ੍ਹੇ ਲਿਖੇ ਲੋਕਾਂ ਨੂੰ। ਇਹ ਲੋਕ ਵਾਲ ਦੀ ਖੱਲ ਲਾਹੁਣ ਤੱਕ ਜਾਂਦੇ ਨੇ।

ਕਮਲੇਸ਼ : ਅਗਲੇ ਦੇ ਵਾਲ ਹੀ ਪੁੱਟ ਦਿਓ।

ਸੁਰਜੀਤ : ਆਹ ਸੁਣ ਲਓ ਅਕਲ ਦੀ ਗੱਲ!

ਕਮਲੇਸ਼ : ਕੀ ਬੋਲਿਐ? (ਸੁਰਜੀਤ ਵੱਲ ਗੁੱਸੇ ਨਾਲ ਵੇਖਦੀ ਹੈ)

ਸੁਰਜੀਤ : ਕੁੱਝ ਨਹੀਂ...

ਮੇਜਰ : ਮੰਮੀ-ਡੈਡੀ, ਤੁਸੀਂ ਦੋਵੇਂ ਮਾਮਾ ਜੀ ਦਾ ਧੰਨਵਾਦ ਕਰੋ, ਇਹ ਜੰਗ ਜਿੱਤ ਕੇ ਆਏ ਨੇ।

ਸੁਰਜੀਤ : (ਪ੍ਰਕਾਸ਼ ਨੂੰ) ਮਿਹਰਬਾਨੀ ਭਾਅ ਜੀ, ਮੇਜਰ ਦੀ ਪਸੰਦ ਵਾਸਤੇ ਤੁਸੀਂ ਸਿਰ ਧੜ ਦੀ ਬਾਜੀ ਲਾ ਦਿੱਤੀ।

ਪ੍ਰਕਾਸ਼ : ਠੀਕ ਕਿਹੈ ਸੁਰਜੀਤ ਸਿੰਹਾਂ, ਉਸ ਲੜਕੀ ਦੇ ਪਿਓ, ਮਾਂ ਤੇ ਖ਼ੁਦ ਕੁੜੀ ਰਮਨੀਤ ਨੇ ਮੈਨੂੰ ਘੇਰਾ ਪਾ ਲਿਆ।

ਮੇਜਰ : ਰਮਨੀਤ ਨਾਂ ਏ ਉਹਦਾ? (ਖ਼ੁਸ਼ੀ ਮਹਿਸੂਸ ਕਰਦਾ ਹੈ)

ਪ੍ਰਕਾਸ਼ : ਹਾਂ ਭਾਣਜੇ। ਕੁੜੀ ਦਾ ਪਿਓ ਫੌਜੀ ਏ, ਸਾਰੇ ਉਹਨੂੰ

ਕੈਪਟਨ ਕਹਿੰਦੇ ਨੇ। ਪਤਾ ਨਹੀਂ ਇੰਗਲਿਸ਼ ਵਿੱਚ ਕੀ ਕੁੱਝ ਬੋਲ ਗਿਐ, ਮੈਂ ਹਾਂ 'ਚ ਸਿਰ ਹਿਲਾਈ ਗਿਆ। ਭਾਵੇਂ ਮੈਨੂੰ ਗਾਹਲਾਂ ਹੀ ਕੱਢ ਗਿਐ ਹੋਵੇ। ਪਰ ਮੈਂ ਵੀ ਘਾਟ ਘਾਟ ਦਾ ਪਾਣੀ ਪੀਤੈ। ਮੈਂ ਢੀਠ ਹੋ ਕੇ ਸੁਣੀ ਗਿਆ।

ਕਮਲੇਸ਼ : ਕੀ ਕਹਿੰਦਾ ਸੀ?

ਪ੍ਰਕਾਸ਼ : ਉਹਨੇ ਆਪਣੀ ਧੀ ਦੀਆਂ ਸਿਫ਼ਤਾਂ ਦੀ ਰੇਲ ਬਣਾਤੀ। ਕਹਿੰਦੈ-ਚੋਦਵੀਂ 'ਚ ਪੜ੍ਹਦੀ ਏ, ਬੋਲਿਆ ਇੰਗਲਿਸ਼ 'ਚ ਇੰਨੇ ਨੰਬਰ ਨੇ, ਫਲਾਣੇ ਫਲਾਣੇ ਵਿੱਚ ਇੰਨੇ ਨੰਬਰ ਲੈ ਗਈ। ਕਲਾਕਾਰ ਏ, ਪਲੇਅਰ ਏ।

ਕਮਲੇਸ਼ : ਕਲ੍ਹ ਨੂੰ ਸਾਡੇ ਤੇ ਰੋਅਬ ਰੱਖਣਗੇ, ਇੰਨੀ ਪੜ੍ਹੀ ਲਿਖੀ ਕੁੜੀ ਵਿਆਹੁਣੀ ਸਿਆਣਪ ਨਹੀਂ।

ਪ੍ਰਕਾਸ਼ : ਭੈਣੇ, ਬਾਹਰ ਵਾਲੇ ਅੰਗੂਠਾ ਛਾਪ ਮੁੰਡਿਆਂ ਦੇ ਬੀ.ਏ. ਪਾਸ ਕੁੜੀਆਂ ਨਾਲ ਕਿੰਨੇ ਵਿਆਹ ਹੋਏ ਨੇ ਆਪਣੇ ਇਲਾਕੇ 'ਚ, ਸਭ ਠੀਕ ਚੱਲ ਰਹੇ ਨੇ।

ਮੇਜਰ : ਮਾਮਾ ਜੀ ਠੀਕ ਕਹਿ ਰਹੇ ਨੇ।

ਕਮਲੇਸ਼ : ਤੈਨੂੰ ਤਾਂ ਮਾਮਾ ਹੀ ਠੀਕ ਲਗਦਾ ਪਿਐ। ਉਸ ਕੁੜੀ ਦਾ ਭੂਤ ਸਵਾਰ ਹੋ ਗਿਐ। *(ਪ੍ਰਕਾਸ਼ ਨੂੰ)* ਵਿਆਹ 'ਚ ਕੀ ਦੇਣਗੇ?

ਪ੍ਰਕਾਸ਼ : ਬਰਾਤ ਦੀ ਸੇਵਾ ਕਰਨੀ ਉਹਨਾਂ। ਦਾਜ ਦੀ ਆਸ ਨਾ ਰੱਖਿਓ।

ਕਮਲੇਸ਼ : ਕਿਉਂ, ਉਹ ਨੰਗ ਨੇ?

ਪ੍ਰਕਾਸ਼ : ਉਹ ਦਾਜ ਦੇ ਸਖ਼ਤ ਖਿਲਾਫ਼ ਨੇ।

ਸੁਰਜੀਤ : ਮੈਂ ਵੀ ਖਿਲਾਫ਼ ਹਾਂ।

ਮੇਜਰ : ਮੈਂ ਕੋਈ ਦਾਜ ਨਹੀਂ ਲੈਣਾ।

ਕਮਲੇਸ਼ : ਸਵਾ ਰੁਪਈਏ ਵਿੱਚ ਲਿਆਉਂਦੇ ਨੱਕ ਨਾ ਕੱਟੀ ਜਾਏਗੀ। *(ਰੋਣਹਾਕੀ ਹੋ ਜਾਂਦੀ ਹੈ)*

ਮੇਜਰ : ਮੰਮੀ, ਆਪਣਾ ਬੈੱਡ, ਅਲਮਾਰੀ ਤੇ ਹੋਰ ਲੋੜ ਵਾਲਾ ਸਾਰਾ ਸਮਾਨ ਮੈਂ ਖ਼ੁਦ ਖਰੀਦਾਂਗਾ। ਮੰਮੀ, ਤੂੰ ਜੋ ਕਹੇਂ, ਤੈਨੂੰ ਬਣਾ ਕੇ ਦਿਆਂਗਾ।

ਪ੍ਰਕਾਸ਼ : ਭੈਣੇ, ਮੈਨੂੰ ਪਤੈ ਮੈਂ ਕੁੜੀ ਵਾਲਿਆਂ ਨਾਲ ਕਿੰਨੀ ਸਿਰ



ਖਪਾਈ ਕੀਤੀ। ਖੁਸ਼ੀ ਖੁਸ਼ੀ ਇੱਥੇ ਆਇਆ ਤਾਂ ਅੱਗੋਂ ਤੂੰ ਮੂੰਹ ਲਟਕਾ ਲਿਆ।

ਕਮਲੇਸ਼ : ਪਰ ਮੈਂ ਖੁਸ਼ ਨਹੀਂ।

ਪ੍ਰਕਾਸ਼ : ਕੁੜੀ ਵਾਲਿਆਂ ਮੇਜਰ ਦੀ ਪੜ੍ਹਾਈ ਦਾ ਪੁੱਛਿਆ ਤਾਂ ਮੈਂ ਝੂਠ ਬੋਲਿਆ ਕਿ ਮੁੰਡਾ ਇਥੋਂ ਦਸਵੀਂ ਪਾਸ ਕਰਕੇ ਜਰਮਨ ਗਿਐ। ਜਰਮਨ 'ਚ ਇਹਨੇ ਚਾਰ ਸਾਲ ਪੜ੍ਹਾਈ ਕੀਤੀ। ਫਿਰ ਮੈਂ ਮੇਜਰ ਦੀ ਫੋਟੋ ਕੁੜੀ ਵੱਲ ਕੀਤੀ, ਕੁੜੀ ਦਾ ਹੁੰਗਾਰਾ ਠੀਕ ਜਾਪਿਆ। ਜਰਮਨ ਦਾ ਪਾਸਪੋਰਟ ਵਿਖਾਇਆ ਤੇ ਕਿਹਾ-ਸਾਡਾ ਭਾਣਜਾ ਮਹੀਨੇ ਦਾ ਦੋ ਲੱਖ ਕਮਾਉਂਦਾ ਏ।

ਮੇਜਰ : ਦੋ ਲੱਖ! ਪਰ ਮੈਂ ਤਾਂ ਮਸਾਂ ਇੱਕ ਲੱਖ ਦੇ ਨੇੜੇ....

ਪ੍ਰਕਾਸ਼ : ਸੁਣਦੇ ਸਾਰ ਕੈਪਟਨ 'ਤੇ ਤਾਂ ਜਿਵੇਂ ਬੰਬ ਡਿੱਗ ਪਿਆ ਹੋਵੇ। ਮੇਜਰ ਸਿੰਘ, ਤੇਰੇ ਪਿੱਛੇ ਕਵਿੰਟਲ ਕਵਿੰਟਲ ਦੀ ਗੱਪ ਛੱਡੀ ਮੈਂ। ਰੱਬ ਮਾਫ਼ ਕਰੇ ਮੈਨੂੰ।

ਮੇਜਰ : ਮਾਮਾ ਜੀ, ਤੁਹਾਡਾ ਅਹਿਸਾਨ ਕਦੇ ਨਹੀਂ ਭੁੱਲਾਂਗਾ।

ਪ੍ਰਕਾਸ਼ : ਐਨੀ ਸੋਹਣੀ ਕੁੜੀ ਪੂਰੇ ਇਲਾਕੇ ਵਿੱਚ ਨਹੀਂ। ਹੁਣ ਤਰੀਕਾਂ ਦਾ ਵੀ ਨਿਬੇੜ ਆਇਆਂ। ਆਉਂਦੇ ਐਤਵਾਰ ਸ਼ਗਨ, ਉਸ ਤੋਂ ਅਗਲੇ ਐਤਵਾਰ ਵਿਆਹ।

ਕਮਲੇਸ਼ : ਇੰਨੀ ਜਲਦੀ? ਸ਼ਗਨਾਂ ਦੇ ਕਾਰਜ....

ਪ੍ਰਕਾਸ਼ : ਟੈਮ ਪਿਆ ਤਾਂ ਕਈ ਕੁਝ ਨਿਕਲੇਗਾ, ਝੂਠ ਦਾ ਪਰਦਾਫਾਸ਼ ਨਾ ਹੋਵੇ।

ਮੇਜਰ : ਠੀਕ ਏ, ਸਾਡੀ ਪੂਰੀ ਤਿਆਰੀ ਏ।

ਸੁਰਜੀਤ : ਸਾਡੇ ਲਈ ਖੁਸ਼ੀ ਦਾ ਮੌਕਾ ਆਇਐ।

ਕਮਲੇਸ਼ : *(ਗੁੱਸੇ ਨਾਲ)* ਲੁੱਡੀ ਪਾ ਫਿਰ।

ਸੁਰਜੀਤ : ਕਮਲੇਸ਼ ਕੌਰ, ਤੂੰ ਵੀ ਪਾ। ਨਿਆਣੇ ਖੁਸ਼ ਤਾਂ ਆਪਾਂ ਵੀ ਖੁਸ਼।

ਪ੍ਰਕਾਸ਼ : ਭੈਣੇ, ਤੂੰ ਖੁਸ਼ ਏਂ ਨਾ?

ਕਮਲੇਸ਼ : ਆਹੋ, ਖੁਸ਼ ਹਾਂ। ਨਰਾਜ ਹੋਵਾਂਗੀ ਤਾਂ ਕੀ ਕਰ ਲਵਾਂਗੀ।

ਮੇਜਰ : ਮੰਮੀ, ਤੈਨੂੰ ਪੈਸੇ ਨਾਲ ਤੋਲ ਦਿਆਂਗਾ।

*(ਕਮਲੇਸ਼ ਹਲਕਾ ਜਿਹਾ ਮੁਸਕਰਾਉਂਦੀ ਹੈ, ਕਮਲੇਸ਼ ਦੇ ਮੋਬਾਇਲ 'ਤੇ ਮਿਹਰ ਸਿੰਘ ਦੀ ਵੀਡੀਓ ਕਾਲ ਆਉਂਦੀ*

*ਹੈ, ਰੋਸ਼ਨੀਆਂ ਬੁੱਝ ਕੇ ਜਗਦੀਆਂ ਹਨ। ਸਟੇਜ ਦੇ ਖੱਬੇ ਪਾਸੇ ਸੁਰਜੀਤ ਸਿੰਘ ਦੇ ਘਰ ਦਾ ਕੁੱਝ ਹਿੱਸਾ ਵਿਖਾਈ ਦਿੰਦਾ ਹੈ, ਜਦ ਕਿ ਸਟੇਜ ਦੇ ਸੱਜੇ ਪਾਸੇ ਥੋੜੀ ਥਾਂ 'ਤੇ ਮਿਹਰ ਸਿੰਘ ਗੱਲ ਕਰ ਰਿਹਾ ਨਜ਼ਰ ਆਉਂਦਾ ਹੈ)*

ਕਮਲੇਸ਼ : ਹਾਂ ਪੁੱਤਰ, ਕੀ ਹਾਲ ਏ ਤੇਰਾ?

ਮਿਹਰ : ਸਭ ਠੀਕ ਏ ਮੰਮੀ। ਅੱਜ ਤਾਂ ਵਾਹਵਾ ਰੌਣਕ ਲੱਗੀ ਏ ਘਰ। ਡੈਡੀ, ਮੇਜਰ ਤੇ ਮਾਮਾ ਜੀ ਵੀ। ਹੋਰ ਸੁਣਾਓ, ਮੇਜਰ ਕਿਵੇਂ ਮਹਿਸੂਸ ਕਰਦੈ ਇੰਡੀਆ 'ਚ?

ਕਮਲੇਸ਼ : ਮੇਜਰ ਦੇ ਵਿਆਹ ਦੀ ਗੱਲ ਕਰਦੇ ਪਏ ਸੀ। ਝੱਟ ਮੰਗਣੀ, ਪੱਟ ਵਿਆਹ।

ਮਿਹਰ : ਸਪੀਕਰ ਆਨ ਕਰ ਦਿਓ, ਡੈਡੀ ਸਤਿ ਸ੍ਰੀ ਅਕਾਲ।

ਸੁਰਜੀਤ : ਚੜ੍ਹਦੀ ਕਲਾ 'ਚ ਰਹਿ ਮੇਰਾ ਪੁੱਤਰ। ਤੇਰੀ ਵਾਜ ਸੁਣੀ, ਮਨ ਖੁਸ਼ੀ ਨਾਲ ਨੱਚਣ ਲੱਗ ਪਿਐ। ਮੇਜਰ ਦਾ ਵਿਆਹ ਐਸ ਐਤਵਾਰ ਤੋਂ ਅਗਲੇ ਐਤਵਾਰ, ਤਰੀਕ ਮਿੱਥ ਲਈ ਏ ਤੇਰੇ ਮਾਮਾ ਜੀ। ਬਰਾਤ ਵੀ ਤੇਰੇ ਮਾਮਿਆਂ ਦੇ ਪਿੰਡ ਜਾਵੇਗੀ।

ਮਿਹਰ : ਡੈਡੀ, ਪੈਸਿਆਂ ਦੀ ਲੋੜ ਏ ਤਾਂ ਦਸ ਦਿਓ। ਭੇਜ ਦਿਆਂ ਪੰਜ ਸੱਤ ਲੱਖ?

ਕਮਲੇਸ਼ : ਲੋੜ ਕਿਉਂ ਨਹੀਂ, ਵਿਆਹ ਰੱਖਿਐ, ਪੈਸੇ ਤਾਂ ਲੱਗਣਗੇ ਹੀ।

ਮਿਹਰ : ਪੈਸੇ ਦੀ ਚਿੰਤਾ ਨਾ ਕਰਿਓ। ਮੈਂ ਦਸ ਲੱਖ ਪਾ ਦੇਣਾਂ ਬੈਂਕ ਅਕਾਊਂਟ ਵਿੱਚ। ਬਾਕੀ ਮੇਰਾ ਵੀ ਦਿਲ ਕਰਦੈ, ਮੈਂ ਵੀ ਆ ਜਾਵਾਂ। ਰੂਬੀ ਵੀ ਤੇ ਤੁਹਾਡੇ ਪੋਤਰੇ ਵੀ ਮੇਰੇ ਨਾਲ ਆ ਕੇ ਤੁਹਾਨੂੰ ਮਿਲ ਲੈਣ।

ਕਮਲੇਸ਼ : ਤੈਨੂੰ ਕਾਰਡ ਤਾਂ ਮਿਲਿਆ ਨਹੀਂ।

ਮਿਹਰ : ਰੂਬੀ ਕੋਲ ਗਰੀਨ ਕਾਰਡ ਏ। ਦੋਵੇਂ ਬੱਚੇ ਅਮਰੀਕਾ ਦੇ ਸਿਟੀਜਨ ਨੇ, ਮੇਰੇ ਕੋਲ ਵੀ ਵਰਕ ਪਰਮਿਟ ਏ। ਮੇਰੇ ਨਾਲ ਪੂਰਾ ਪਰਿਵਾਰ ਏ, ਰਿਸਕ ਤਾਂ ਨਹੀਂ ਜਾਪਦਾ।

ਸੁਰਜੀਤ : ਆ ਜਾਓ ਪੁੱਤਰ ਸਾਰੇ ਹੀ। ਕਿੰਨੇ ਸਾਲ ਹੋ ਗਏ ਮਿਲਿਆਂ।

ਕਮਲੇਸ਼ : ਮਿਹਰ, ਤੂੰ ਪਹਿਲਾਂ ਗਰੀਨ ਕਾਰਡ ਲੈ ਲੈ, ਫਿਰ ਆਵੀਂ। ਹੁਣ ਜ਼ਰਾ ਘਰ ਦਾ ਕੰਮ ਸੈੱਟ ਹੋਇਐ। ਤੇਰੀ ਜ਼ਿੰਦਗੀ



ਦਾ ਸਵਾਲ ਏ, ਵਿਆਹ ਦਾ ਕੀ ਏ? ਹੋ ਹੀ ਜਾਏਗਾ. ਤੇਰਾ ਵੀ ਤਾਂ ਬਾਹਰ ਹੋ ਈ ਗਿਆ ਸੀ।

ਮਿਹਰ : ਮੰਮੀ, ਫਿਰ ਮੈਂ ਨਾ ਆਵਾਂ?

ਸੁਰਜੀਤ : ਪੁੱਤਰ, ਆ ਜਾ। ਬਥੇਰਾ ਕੁੱਝ ਏ ਆਪਣੇ ਕੋਲ। ਜ਼ਮੀਨ ਜਾਇਦਾਦ, ਪੈਸਾ ਸਭ ਕੁੱਝ ਹੈ ਵੇ।

ਕਮਲੇਸ਼ : ਜ਼ਮੀਨ ਕੀ ਦਿੰਦੀ ਏ? ਛੇ ਮਹੀਨੇ ਬਾਅਦ ਜੂੰਆਂ। ਇੱਥੇ ਆ ਕੇ ਮਿੱਟੀ ਨਾਲ ਮਿੱਟੀ ਹੋਵੇਗਾ ਮਿਹਰ? ਮਿਹਰ, ਜਦ ਗਰੀਨ ਕਾਰਡ ਮਿਲ ਗਿਆ, ਰਾਤੋ ਰਾਤ ਆ ਜਾਵੀਂ। ਪਰ ਹੁਣ ਨਾ ਆਵੀਂ।

ਮਿਹਰ : *(ਨਿਰਾਸ਼ ਹੁੰਦਾ ਹੋਇਆ)* ਠੀਕ ਏ ਮੰਮੀ, ਨਹੀਂ ਆਉਂਦਾ। ਚੰਗਾ ਓ.ਕੇ.

*(ਰੋਸ਼ਨੀ ਹੁਣ ਸਿਰਫ਼ ਸਟੇਜ ਦੇ ਖੱਬੇ ਪਾਸੇ ਹੀ ਪੈਂਦੀ ਹੈ)*

ਸੁਰਜੀਤ : ਮਿਹਰ ਨੇ ਗੁੱਸੇ ਵਿੱਚ ਕੱਟ ਦਿੱਤੈ ਫੂਨ।

ਕਮਲੇਸ਼ : *(ਸੁਰਜੀਤ ਨੂੰ)* ਤੂੰ ਪਿਓ ਵੇਂ ਕਿ ਦੁਸ਼ਮਣ? ਮੇਰਾ ਤਾਂ ਮਨ ਹੀ ਉਦਾਸ ਹੋ ਗਿਐ..... ਬਾਬਾ ਜੀ ਦੇ ਡੇਰਿਓਂ ਹੋ ਕੇ ਆਈ, ਤੁਸੀਂ ਮਨਾਓ ਜਸ਼ਨ।

*(ਚਲੀ ਜਾਂਦੀ ਹੈ)*

ਪ੍ਰਕਾਸ਼ : ਮੇਜਰ ਸਿੰਘ, ਤੇਰੀ ਫੋਟੋ ਲੈ ਗਈ ਨੰਬਰ। ਰਮਨੀਤ ਤਾਂ ਖਿੱਚੀ ਹੀ ਗਈ ਫੋਟੋ ਵੇਖ ਕੇ। ਮੈਂ ਤੇਰਾ ਨਾਂ ਦੱਸਿਆ ਤਾਂ ਉਹਦਾ ਚਿਹਰਾ ਲਾਲ ਹੋ ਗਿਆ।

ਮੇਜਰ : ਕੁੜੀ ਹੈ ਨਾ ਨੰਬਰ ਵਨ?

ਪ੍ਰਕਾਸ਼ : ਹਨ੍ਹੇਰੇ ਵਿੱਚ ਵੀ ਰੋਸ਼ਨੀ ਏ ਰੋਸ਼ਨੀ। *(ਦੋਵੇਂ ਹੱਸਦੇ ਹਨ)*

ਸੁਰਜੀਤ : ਮਿਹਰ ਸਿੰਘ ਨੂੰ ਨਾ ਰੋਕਿਆ ਜਾਂਦਾ ਤਾਂ ਠੀਕ ਸੀ। ਕਮਲੇਸ਼ ਕੌਰ ਦੀ ਇਸ ਜਿੱਦ ਤੋਂ ਤੰਗ ਆ ਗਿਐ ਮਿਹਰ ਸਿੰਘ "ਤੂੰ ਨਹੀਂ ਆਉਣਾ, ਪੱਕਾ ਹੋ ਕੇ ਹੀ ਆਵੀਂ" ਮਗਰੋਂ ਸਾਡੇ ਭਾਵੇਂ ਫੁੱਲ ਚੁਗੇ ਜਾਣ। ਰੱਬਾ! ਇੰਜ ਹੋਵੇਗਾ, ਮੈਂ ਕਦੇ ਸੋਚਿਆ ਨਹੀਂ ਸੀ।

*(ਦੋਹਾਂ ਹੱਥਾਂ 'ਚ ਸਿਰ ਫੜ ਕੇ ਰੋਂਦਾ ਹੋਇਆ ਸਟਿੱਲ ਹੋ ਜਾਂਦਾ ਹੈ)*

## *ਦ੍ਰਿਸ਼ ਤੇਰਾਂ*

ਸਥਾਨ : *ਕਲਾਜ ਦਾ ਇਕ ਲਾਅਨ। ਲਾਅਨ ਵਿੱਚ ਘਾਹ ਹੈ, ਜਿਸਨੂੰ ਖ਼ੂਬਸੂਰਤੀ ਨਾਲ ਕੱਟਿਆ ਹੋਇਆ ਹੈ। ਆਸੇ ਪਾਸੇ ਫੁੱਲ ਵਿਖਾਈ ਦਿੰਦੇ ਹਨ ਜੋ ਕਈ ਰੰਗਾਂ ਦੇ ਹਨ। ਲਾਅਨ ਵਿੱਚ ਕਾਲਜ ਦਾ ਬੀ.ਏ. ਭਾਗ ਤੀਜਾ ਦਾ ਵਿਦਿਆਰਥੀ ਕਰਮਜੀਤ ਸਿੰਘ ਬੈਠਾ ਹੈ, ਜਿਸ ਦੇ ਹੱਥ ਵਿੱਚ ਇਕ ਡਾਇਰੀ ਹੈ। ਉਹ ਡਾਇਰੀ ਦੇ ਪੰਨੇ ਪਲਟਦਾ ਹੈ ਅਤੇ ਰੁਮਾਂਟਿਕ ਹਾਲਤ ਵਿੱਚ ਮੁਸਕਰਾਉਂਦਾ ਹੈ। ਫਿਰ ਆਪਣੀ ਘੜੀ ਵੱਲ ਵੇਖਦਾ ਹੈ ਅਤੇ ਤਨਾਓ ਦੇ ਚਿੰਨ੍ਹ ਉਸ ਦੇ ਚਿਹਰੇ 'ਤੇ ਨਜ਼ਰ ਆਉਂਦੇ ਹਨ)*

ਕਰਮਜੀਤ : *(ਆਪਣੇ ਆਪ ਵਿੱਚ)* ਵੀਹ ਮਿੰਟਾਂ ਤੋਂ ਉਡੀਕ ਰਿਹਾਂ। ਇਹ ਵੀਹ ਮਿੰਟ..... ਵੀਹ ਸਾਲਾਂ ਵਾਂਗ ਲੰਘੇ ਨੇ। ਇਸ ਡਾਇਰੀ ਵਿੱਚ ਮੈਂ ਕਿੰਨੇ ਨਵੇਂ ਸ਼ੇਅਰ ਲਿਖੇ ਨੇ ਆਪਣੀ ਰਮਨੀਤ ਲਈ। ਜਦ ਉਹ ਮੇਰਾ ਨਵਾਂ ਸ਼ੇਅਰ ਸੁਣੇਗੀ ਤਾਂ ਉਹਦੇ ਚਿਹਰੇ ਦੀ ਰੰਗਤ ਵੇਖਣ ਵਾਲੀ ਹੋਵੇਗੀ।
*(ਸ਼ੇਅਰ ਪੜ੍ਹਦਾ ਹੋਇਆ)*
ਉਹਦੇ ਨਸ਼ੀਲੇ ਨੈਣਾਂ ਦੇ ਵਿੱਚ
ਮੈਂ ਕੀ ਤੱਕਿਆ ਹੈ।
ਛੋਟੇ ਜਿਹੇ ਇਸ ਦਿਲ ਅੰਦਰ
ਇੱਕ ਤੂਫ਼ਾਨ ਮੱਚਿਆ ਹੈ।
ਨਜ਼ਾਰੇ ਖਾਮੋਸ਼ ਹੋਏ ਮੇਰੇ ਤਾਂ
ਜਦ ਨਜ਼ਾਰਾ ਤੇਰਾ ਜੱਚਿਆ ਹੈ।
ਅੱਜ ਸੱਚੀਂ ਹੀ ਮੇਰੇ ਦਿਲ ਵਿੱਚ ਤੂਫ਼ਾਨ ਹੀ ਮੱਚਿਆ ਪਿਐ।
ਕਈ ਖਿਆਲ ਆਉਂਦੇ ਨੇ। ਸਾਡੇ ਦੋਹਾਂ ਦੇ ਪਿਆਰ ਦਾ ਪਤਾ ਨਾ ਲੱਗ ਗਿਆ ਹੋਵੇ ਰਮਨੀਤ ਦੇ ਮਾਪਿਆਂ



ਨੂੰ। ਅੱਜਕਲ੍ਹ ਬਾਹਰਲੇ ਮੁੰਡਿਆਂ ਨੇ ਡਾਲਰ, ਯੂਰੋ ਵਿਖਾ ਵਿਖਾ ਲੋਕਾਂ ਨੂੰ ਪਾਗਲ ਕਰ ਦਿੱਤੈ..... ਕਿਤੇ ਇਵੇਂ ਨਾ ਵਾਪਰ ਗਿਆ ਹੋਵੇ। ਹੇ ਰੱਬਾ! ਸਾਡੇ ਪਿਆਰ 'ਤੇ ਇਹ ਬਿਜਲੀ ਨਾ ਡਿੱਗ ਪਵੇ।
*(ਕਾਲਜ ਦਾ ਮਾਲੀ ਆਉਂਦਾ ਹੈ)*

ਮਾਲੀ : ਕਰਮਜੀਤ, ਤੁਸੀਂ ਦੋਵੇਂ ਜਦ ਵੀ ਇਥੇ ਆਉਂਦੇ ਹੋ, ਸ਼ਾਮਾਂ ਨੂੰ ਹੀ ਕਿਉਂ?

ਕਰਮਜੀਤ : ਆ ਮਾਲੀ, ਸ਼ਾਮ ਨੂੰ ਮਿਲਿਆਂ ਸੁਨਹਿਰੀ ਸ਼ਾਮ ਜਾਪਦੀ ਏ।

ਮਾਲੀ : ਫਿਰ ਸੁਨਹਿਰੀ ਸ਼ਾਮ ਦਾ ਭੋਗ ਪਾ ਦਿੰਦੀ ਏ ਕਾਲੀ ਬੋਲੀ ਰਾਤ।

ਕਰਮਜੀਤ : ਬੜੀਆਂ ਡੂੰਘੀਆਂ ਗੱਲਾਂ ਕਰ ਰਿਹੈਂ ਮਾਲੀ ਅੱਜ?

ਮਾਲੀ : ਆਹ ਵੇਖ ਮੇਰੇ ਸਿਰ ਦੇ ਵਾਲ, ਕਿਸ ਰੰਗ ਦੇ ਨੇ?

ਕਰਮਜੀਤ : ਚਿੱਟੇ ਪੂਰੇ ਸਫ਼ੈਦ।

ਮਾਲੀ : ਪਰ ਇਹ ਚਿੱਟੇ ਵਾਲ ਉਮਰ ਨਾਲ ਆਏ ਨੇ, ਕਿਸੇ ਬਿਮਾਰੀ ਨਾਲ ਨਹੀਂ ਹੋ ਗਏ ਇਹ। ਇਹ ਵਾਲ ਜ਼ਿੰਦਗੀ ਦਾ ਤਜਰਬਾ ਨੇ ਪੂਰੇ ਅਠਵੰਜਾ ਸਾਲ ਦਾ।

ਕਰਮਜੀਤ : ਮਾਲੀ, ਕਦੇ ਤੈਨੂੰ ਵੀ ਕਿਸੇ ਨਾਲ ਪਿਆਰ ਹੋਇਐ?

ਮਾਲੀ : ਪਿਆਰ ਤਾਂ ਹੋਇਆ ਸੀ ਪਰ ਪਾਸ ਨਹੀਂ ਹੋਇਆ, ਫੇਲ੍ਹ ਹੋ ਗਿਆ।

ਕਰਮਜੀਤ : ਉਹ.... ਇਹ ਤਾਂ ਮਾੜਾ ਹੋਇਐ।

ਮਾਲੀ : ਪਿਆਰ ਦੀ ਕਾਹਦੀ ਗਰੰਟੀ, ਕਾਹਦਾ ਵਿਸ਼ਵਾਸ। ਇਸ ਚੱਕਰ ਵਿੱਚ ਕੋਈ ਆਰ, ਕੋਈ ਪਾਰ।

ਕਰਮਜੀਤ : ਪਰ ਇਹਦਾ ਮਨ 'ਤੇ ਗਹਿਰਾ ਅਸਰ ਤਾਂ ਪਿਆ ਹੋਵੇਗਾ?

ਮਾਲੀ : ਬੰਦਾ ਹਿੱਲ ਜਾਂਦੈ ਇੱਕ ਵਾਰ, ਲੋਕ ਉਹਦੇ ਵੱਲ ਵੇਖ-ਵੇਖ ਦੰਦੀਆਂ ਕੱਢਦੇ ਨੇ। ਫਿਰ ਮੇਰਾ ਪਿਆਰ ਫੁੱਲਾਂ ਨਾਲ ਪੈ ਗਿਆ। ਮੇਰਾ ਬਾਪੂ ਮਾਲੀ ਸੀ, ਮੈਂ ਵੀ ਇਹ ਕੰਮ ਸਿੱਖ ਗਿਆ। ਇਹ ਸਾਰੇ ਰੰਗ ਬਰੰਗੇ ਫੁੱਲ ਮੇਰੇ ਸਾਥੀ ਨੇ। ਪਰ ਦੋ ਸਾਲ ਬਾਅਦ ਇਹਨਾਂ ਫੁੱਲਾਂ ਨਾਲ ਸਾਂਝ ਖਤਮ ਹੋ ਜਾਵੇਗੀ।

ਕਰਮਜੀਤ : ਫੁੱਲਾਂ ਨਾਲ ਸਾਂਝ ਵੀ ਖਤਮ?

ਮਾਲੀ : ਦੋ ਸਾਲ ਬਾਅਦ ਰਿਟਾਇਰ ਹੋ ਜਾਵਾਂਗਾ। ਫਿਰ ਵਾਪਸ ਆਪਣੇ ਪਿੰਡ ਚਲਾ ਜਾਵਾਂਗਾ.... ਜ਼ਿੰਦਗੀ ਦਾ ਸਫ਼ਰ ਏ... ਅੱਜ ਇੱਥੇ, ਕਲ੍ਹ ਹੋਰ ਕਿਤੇ... ਖਾਤਾ ਬੰਦ।

ਕਰਮਜੀਤ : *(ਹੌਂਸਲਾ ਦਿੰਦਾ ਹੋਇਆ)* ਤੂੰ ਦਿਲ ਨਾ ਛੱਡ ਮਾਲੀ, ਤੈਨੂੰ ਕਿਤੇ ਨਹੀਂ ਜਾਣ ਦਿਆਂਗਾ। ਪਿੰਡ ਤੋਂ ਸ਼ਹਿਰ ਜਾਂਦੀ ਸੜਕ 'ਤੇ ਸਾਡੀ ਪੈਲੀ ਏ, ਤੇਰੇ ਲਈ ਨਰਸਰੀ ਦਾ ਪ੍ਰਬੰਧ ਕਰ ਦਿਆਂਗਾ। ਮੇਰਾ ਵੀ ਫੁੱਲਾਂ ਨਾਲ ਬੜਾ ਪਿਆਰ ਏ।

ਮਾਲੀ : *(ਖੁਸ਼ੀ ਵਿੱਚ)* ਫਿਰ ਵੇਖਿਓ, ਨਰਸਰੀ ਹੋਵੇਗੀ ਨੰਬਰ ਇੱਕ ਪੂਰੇ ਇਲਾਕੇ ਵਿੱਚ। ਹਰ ਕਿਸਮ ਦੇ ਫਲਦਾਰ ਬੂਟੇ, ਹਰ ਕਿਸਮ ਦੇ ਫੁੱਲ... ਵੇਖ ਵੇਖ ਹਰ ਕੋਈ ਖਿੱਚਿਆ ਹੀ ਜਾਵੇਗਾ। ਲੋਕ ਸੈਰ ਕਰਨ ਆਇਆ ਕਰਨਗੇ ਨਰਸਰੀ 'ਚ।

ਕਰਮਜੀਤ : ਮੈਂ ਤੇ ਮੇਰੀ ਰਮਨੀਤ ਵੀ ਆਇਆ ਕਰਾਂਗੇ। ਤੇਰੇ ਹੱਸਦੇ ਹੋਏ ਫੁੱਲਾਂ ਨਾਲ ਗੱਲਾਂ ਕਰਿਆ ਕਰਾਂਗੇ। ਮੁਸਕਰਾਹਟਾਂ ਸਾਂਝੀਆਂ ਕਰਿਆ ਕਰਾਂਗੇ।

ਮਾਲੀ : ਮਾਲਕ ਤੁਹਾਡਾ ਦੋਹਾਂ ਦਾ ਪਿਆਰ ਬਣਾਈ ਰੱਖੇ, ਕਿਸੇ ਦੀ ਨਜ਼ਰ ਨਾ ਲੱਗੇ ਤੁਹਾਡੇ ਪਿਆਰ ਨੂੰ।

*(ਸਕੂਟੀ ਦੀ ਆਵਾਜ਼ ਸੁਣਦੀ ਹੈ)*

ਕਰਮਜੀਤ, ਆ ਗਿਆ ਤੇਰਾ ਸਾਥੀ। ਤੂੰ ਕਰ ਦਿਲ ਦੀਆਂ ਉਹਦੇ ਨਾਲ ਤੇ ਮੈਂ ਕਰਦਾਂ ਫੁੱਲਾਂ ਨਾਲ ਦਫ਼ਤਰ ਦੇ ਨੇੜੇ।

*(ਮਾਲੀ ਚਲਾ ਜਾਂਦਾ ਹੈ)*

ਕਰਮਜੀਤ : (ਵੇਖਦਾ ਹੋਇਆ) ਸ਼ੁਕਰ ਏ ਰੱਬ ਦਾ, ਆਖਰ ਦੀਦਾਰ ਹੋ ਹੀ ਗਏ।

*(ਰਮਨੀਤ ਆਉਂਦੀ ਹੈ, ਜੋ ਗੰਭੀਰ ਜਿਹੀ ਸੋਚ ਵਿੱਚ ਜਾਪਦੀ ਹੈ)*

ਹੇ ਖ਼ੁਦਾ ਤੂੰ ਆਪਣੀ ਖੁਦਾਈ 'ਚੋਂ
ਇੱਕ ਮੇਰਾ ਖੁਦਾ ਬਣਾਇਆ ਹੈ।
ਉਹਦੇ ਰਾਹ ਨੂੰ ਸਿਜਦੇ ਕਰਦੇ ਹੋਏ



ਮੇਰਾ ਰੋਮ ਰੋਮ ਨਸ਼ਿਆਇਆ ਹੈ।
ਰਮਨੀਤ, ਤੂੰ ਚੁੱਪ-ਚੁੱਪ, ਖੋਈ ਖੋਈ ਲੱਗਦੀ ਏਂ?

ਰਮਨੀਤ : ਕਰਮਜੀਤ, ਮੈਂ ਮਾਫ਼ੀ ਮੰਗਦੀ ਹਾਂ ਤੇਰੇ ਤੋਂ।

ਕਰਮਜੀਤ : ਕਾਹਦੀ ਮਾਫ਼ੀ? ਅੱਧਾ ਘੰਟਾ ਲੇਟ ਈ ਹੋਈ ਏਂ, ਕੋਈ ਗੱਲ ਨਹੀਂ। ਪਿਆਰ ਵਿੱਚ ਤਾਂ ਕਈ ਪ੍ਰੀਖਿਆਵਾਂ ਵਿਚੋਂ ਗੁਜ਼ਰਨਾ ਪੈਂਦੈ।

ਰਮਨੀਤ : ਹਾਂ, ਜ਼ਿੰਦਗੀ ਪ੍ਰੀਖਿਆ ਦਾ ਹੀ ਦੂਜਾ ਨਾਂ ਏ। ਨਾ ਚਾਹੁੰਦੇ ਹੋਏ ਮੈਂ ਆ ਗਈ ਹਾਂ, ਤੇਰਾ ਦਿਲ ਨਹੀਂ ਤੋੜਣਾ ਚਾਹੁੰਦੀ। ਪਰ ਮੇਰੇ ਮਨ 'ਤੇ ਬੋਝ ਏ।....

ਕਰਮਜੀਤ : ਕਿਹੜਾ ਬੋਝ? ਮੇਰੇ ਨਾਲ ਸਾਂਝਾ ਕਰ, ਮੈਂ ਤੈਨੂੰ ਹਰ ਹਾਲ ਖੁਸ਼ ਵੇਖਣਾ ਚਾਹੁੰਣਾ।

ਰਮਨੀਤ : ਮੈਨੂੰ ਮਾਫ਼ ਕਰ ਦੇਵੇਂਗਾ?

ਕਰਮਜੀਤ : ਮੈਂ ਤੇਰੇ ਵਾਸਤੇ ਕੋਈ ਕੁਰਬਾਨੀ ਵੀ ਕਰਨ ਲਈ ਤਿਆਰ ਹਾਂ।

ਰਮਨੀਤ : ਹੈ ਤਾਂ ਕੁਰਬਾਨੀ ਹੀ.....

ਕਰਮਜੀਤ : ਰਮਨੀਤ ਤੂੰ ਸਪੱਸ਼ਟ ਕਹਿ। ਮੈਂ ਸੁਣਾਂਗਾ, ਮੈਂ ਆਪਣੇ ਵਾਇਦਿਆਂ 'ਤੇ ਕਾਇਮ ਰਹਾਂਗਾ।

ਰਮਨੀਤ : ਪਰ ਮੈਂ ਮਜਬੂਰ ਹਾਂ, ਪਿਆਰ ਤੇਰੇ ਨਾਲ ਏ। ਪਰ ਵਿਆਹ..... ਮਾਂ ਪਿਓ ਦੀ ਮੰਨਣੀ ਪੈਂਦੀ ਏ। ਹਰ ਮਾਂ ਪਿਓ ਆਪਣੀ ਔਲਾਦ ਨੂੰ ਸੁਖੀ ਵੇਖਣਾ ਚਾਹੁੰਦੇ ਨੇ।.... ਹੁਣ ਬੋਲਦਾ ਨਹੀਂ। ਮੈਂ ਪੜ੍ਹਾਈ ਛੱਡ ਰਹੀ ਹਾਂ। ਅੱਜ ਤੋਂ ਬਾਅਦ ਮੈਂ ਇਸ ਥਾਂ ਸ਼ਾਇਦ ਕਦੇ ਹੀ ਨਾ ਆਵਾਂ। ਕੁੱਝ ਬੋਲ.....

ਕਰਮਜੀਤ : ਹੁਣ... ਬੋਲਣ ਲਈ ਬਚਿਆ ਹੀ ਕੀ ਏ। ਸੁਫ਼ਨੇ ਤਾਂ ਸੁਫ਼ਨੇ ਹੀ ਹੁੰਦੇ ਨੇ, ਹਕੀਕਤ ਤੋਂ ਕੋਹਾਂ ਦੂਰ ਈ... ਮਾਂ ਪਿਓ ਦਾ ਵੀ ਫਰਜ਼ ਹੁੰਦੈ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਸੋਚਣਾ। ਅਜਿਹਾ 'ਭਵਿੱਖ' ਬਹੁਤ ਵਾਰ ਵਰਤਮਾਨ ਦੀ ਬਲੀ ਲੈ ਲੈਂਦੈ।

ਰਮਨੀਤ : ਆਉਂਦੇ ਐਤਵਾਰ ਮੇਰਾ ਵਿਆਹ ਏ। ਵਿਆਹ ਤੋਂ ਬਾਅਦ ਜਰਮਨ ਚਲੀ ਜਾਵਾਂਗੀ। ਮੈਨੂੰ ਮਾਫ਼ ਕਰੀਂ.... ਮੈਂ ਜਾਵਾਂ?

ਕਰਮਜੀਤ : *(ਗੰਭੀਰਤਾ ਵਿੱਚ)* ਠੀਕ ਏ, ਖੁਸ਼ ਰਹਿ।
*(ਰਮਨੀਤ ਚਲੀ ਜਾਂਦੀ ਹੈ, ਕਰਮਜੀਤ ਦੀਆਂ ਅੱਖਾਂ ਵਿੱਚ ਹੰਝੂ ਹਨ। ਉਹ ਡਾਇਰੀ ਦੇ ਪੰਨੇ ਪਲਟਦਾ ਹੈ, ਆਪਣੇ ਲਿਖੇ ਸ਼ੇਅਰਾਂ ਨੂੰ ਘੂਰਦਾ ਹੈ, ਉਸ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਦ ਮਾਲੀ ਉਸ ਦੇ ਕੋਲ ਆ ਗਿਆ ਹੁੰਦਾ ਹੈ)*

ਮਾਲੀ : ਕਰਮਜੀਤ, ਮੈਂ ਸਭ ਸੁਣ ਲਿਐ। ਉਹਲੇ ਖੜ੍ਹਾ ਹੋ ਕੇ ਸੁਣਿਐ... ਪਰ ਇਸ ਤਰ੍ਹਾਂ ਦਾ ਪਹਿਲੀ ਵਾਰ ਨਹੀਂ ਸੁਣਿਆ। ਡਾਲਰਾਂ ਦੀ ਚਮਕ ਨੇ ਪਿਆਰ ਨੂੰ ਵਪਾਰ ਬਣਾ ਦਿੱਤੈ। ਇਸ ਕਾਲਜ ਦੀਆਂ ਸੋਹਣੀਆਂ ਸੋਹਣੀਆਂ ਕੁੜੀਆਂ ਨੇ ਹੱਥ ਵਿੱਚ ਕਿਤਾਬਾਂ ਫੜੀਆਂ ਹੋਣੀਆਂ, ਦੋ ਚਾਰ ਦਿਨ ਬਾਅਦ ਉਹਨਾਂ ਹੱਥਾਂ ਦੇ ਨਾਲ ਚੂੜਾ ਛਣਕਦਾ ਹੋਣਾ।

ਕਰਮਜੀਤ : ਪਿਆਰ ਬਲੀ ਚੜ੍ਹਦਾ ਰਿਹੈ।

ਮਾਲੀ : ਇਹਨਾਂ ਬੇਸ਼ਰਮ ਕੁੜੀਆਂ ਨੇ ਵਿਆਹ ਬਾਅਦ ਆਪਣੇ ਲਾੜੇ ਨਾਲ ਬਣ ਠਣ ਕੇ ਕਾਰ ਵਿੱਚ ਆਉਣਾ, ਕਾਲਜ ਵਿਚ ਭਲਵਾਨੀ ਗੇੜਾ ਮਾਰਨ। ਪ੍ਰਿੰਸੀਪਲ ਨੇ ਇਹੋ ਜਿਹੀਆਂ ਕੁੜੀਆਂ ਦੇ ਆਉਣ ’ਤੇ ਪਾਬੰਦੀ ਲਾ ਦਿੱਤੀ। ਗੇਟ ਕੀਪਰ ਨੇ ਵਾਪਸ ਹੀ ਭੇਜਿਆ ਬੇਰੰਗ ਲਿਫਾਫ਼ੇ ਵਾਂਗ ਇਹਨਾਂ ਚੂੜੇ ਵਾਲੀਆਂ ਨੂੰ।

ਕਰਮਜੀਤ : ਪਰ ਮੈਂ.... ਸਰਾਪ ਨਹੀਂ ਦਿਆਂਗੀ ਰਮਨੀਤ ਨੂੰ। ਮੈਨੂੰ ਫਿਰ ਵੀ ਮਿਲਣ ਆਈ।
*(ਗਾਉਂਦਾ ਹੋਇਆ)*
ਤੂੰ ਖੁਸ਼ ਰਹੇਂ, ਮੇਰੇ ਦਿਲ ਦੀ ਦੁਆ ਏ
ਤੇਰੀ ਜ਼ਿੰਦਗੀ ’ਚ ਕਦੇ ਗ਼ਮ ਨਾ ਆਏ।
*(ਹਨੇਰਾ ਹੋ ਜਾਂਦਾ ਹੈ)*



## ਦ੍ਰਿਸ਼ ਚੌਦਾਂ

ਸਥਾਨ : *ਸੁਰਜੀਤ ਸਿੰਘ ਦੇ ਘਰ ਦਾ ਵਰਾਂਡਾ (ਗੈਲਰੀ) ਨਜ਼ਰ ਆਉਂਦੀ ਹੈ, ਜਿਸ ਵਿਚ ਇੱਕ ਤਖ਼ਤਪੋਸ਼ ਰੱਖਿਆ ਗਿਆ ਹੈ, ਤਖ਼ਤਪੋਸ਼ ਉਪਰ ਗੱਦਾ ਰੱਖਿਆ ਗਿਆ ਹੈ, ਉਸ ਨੂੰ ਰੰਗਦਾਰ ਗਲੀਚੇ ਨਾਲ ਢੱਕਿਆ ਹੋਇਆ ਹੈ। ਹੱਥ ਵਿੱਚ ਮੋਬਾਇਲ ਫੜੀ ਕਮਲੇਸ਼ ਕੌਰ ਚਿੰਤਤ ਵਿਖਾਈ ਦਿੰਦੀ ਹੈ। ਸਾਧ ਫ਼ਕੀਰਾ ਨੂੰ ਫ਼ੂਨ ਲਾਉਂਦੀ ਅਤੇ ਸਪੀਕਰ ਆਨ ਰੱਖਦੀ ਹੈ।*

ਫ਼ੂਨ ਤੋਂ ਆਵਾਜ਼ : ਹੈਲੋ।

ਕਮਲੇਸ਼ : ਮੱਥਾ ਟੇਕਦੀ ਹਾਂ, ਬਾਬਾ ਜੀ।

ਫ਼ਕੀਰਾ ਦੀ ਆਵਾਜ਼: ਖੁਸ਼ ਰਹੋ, ਦਾਤਾ ਮਿਹਰਾਂ ਰੱਖੇ।

ਕਮਲੇਸ਼ : ਬਾਬਾ ਜੀ ਕਿੰਨੇ ਵਜੇ ਆਉਗੇ?

ਫਕੀਰਾ ਦੀ ਆਵਾਜ਼ : ਆ ਹੀ ਰਹੇ ਹਾਂ। ਘਰ ਵਿੱਚ ਕੌਣ-ਕੌਣ ਹੋਵੇਗਾ?

ਕਮਲੇਸ਼ : ਛੋਟਾ ਮੁੰਡਾ ਮੇਜਰ ਤਾਂ ਵਿਆਹ ਕਰਾਉਣ ਬਾਅਦ ਜਰਮਨ ਚਲਾ ਗਿਐ, ਨੂੰਹ ਪੇਕੇ ਗਈ ਏ। ਸ਼ਰਾਬੀ ਸੁਰਜੀਤ ਸਿੰਘ ਮੁਹੱਲੇ ਵਿੱਚ ਹੀ ਪੰਮੋ ਦੇ ਘਰ ਪਾਰਟੀ ਖਾਣ ਗਿਐ।

ਫਕੀਰਾ ਦੀ ਆਵਾਜ਼ : ਸ਼ੁਭ ਸਮਾਂ ਏ, ਸਭ ਕਸ਼ਟ ਕੱਟੇ ਜਾਣਗੇ। ਚੰਗਾ ਓ.ਕੇ. ਅਸੀਂ ਆਏ ਹੀ ਸਮਝ।

ਕਮਲੇਸ਼ : *(ਆਪਣੇ ਆਪ ਨਾਲ)* ਮੈਨੂੰ ਸਾਰੇ ਜੀਆਂ ਨੇ ਕੱਖੋਂ ਹੌਲੀ ਕਰ ਛੱਡਿਐ। ਘਰ ’ਚ ਰੋਅਬ ਮੇਰਾ ਚਲਦਾ ਸੀ, ਇਹਨਾਂ ਜੀਆਂ ਨੇ ਮੈਨੂੰ ਜੀਂਦੀ ਨੂੰ ਮਾਰ ਛੱਡਿਐ। ਮੈਂ ਕੋਈ ਸਲਾਹ ਦਿਆਂ, ਸੁਣ ਕੇ ਇੱਕ ਕੰਨੋਂ ਦੂਜੇ ਕੰਨੋਂ ਬਾਹਰ। ਮੈਂ ਵੀ ਲੈ ਕੇ ਬਾਬਾ ਜੀ ਦਾ ਅਸ਼ੀਰਵਾਦ ਸਭ ਨੂੰ ਮੁੱਠੀ ਵਿੱਚ ਬੰਦ ਕਰ ਕੇ ਹੀ ਛੱਡਾਂਗੀ। ਮੁੰਡੇ ਮੈਂ ਭੇਜੇ ਬਾਹਰ ਲੜ ਲੜ ਕੇ, ਮੇਰੀ ਕਦਰ ਨਹੀਂ ਕਰਦੇ। ਸ਼ਰਾਬੀ ਪਿਓ ਨਾਲ ਮੋਹ ਨਹੀਂ ਛੱਡਦੇ। ਕੋਹੜੀ ਦੀ ਕਦਰ....
*(ਸਾਧ ਫਕੀਰਾ ਆਉਂਦਾ ਹੈ)*

ਕਮਲੇਸ਼ : ਧੰਨ ਭਾਗ ਸਾਡੇ, ਬਾਬਾ ਜੀ *(ਮੱਥਾ ਟੇਕਦੀ ਹੈ)* ਬੈਠੋ

ਇਸ 'ਤੇ *(ਤਖਤਪੋਸ਼ ਵੱਲ ਇਸ਼ਾਰਾ ਕਰਦੀ ਹੈ, ਸਾਧ ਫ਼ਕੀਰਾ ਬੜੀ ਪ੍ਰਸੰਨ ਮੁਦਰਾ ਵਿੱਚ ਬੈਠ ਜਾਂਦਾ ਹੈ)*

ਫ਼ਕੀਰਾ : ਜਦ ਸਾਡੇ ਭਗਤ ਪਰੇਸ਼ਾਨ ਹੋਣ, ਅਸੀਂ ਖ਼ੁਦ ਹੀ ਦੁਖ ਨਿਵਾਰਨ ਲਈ ਪਹੁੰਚ ਜਾਂਦੇ ਹਾਂ।

ਕਮਲੇਸ਼ : ਮਿਹਰਬਾਨੀ ਬਾਬਾ ਜੀ। ਮੈਂ ਜ਼ਰਾ ਅੰਦਰੋਂ ਹੋ ਕੇ ਆਈ। *(ਪਿੱਛੇ ਚਲੀ ਜਾਂਦੀ ਹੈ)*

ਫ਼ਕੀਰਾ : *(ਆਪਣੇ ਆਪ ਬੋਲਦਾ ਹੋਇਆ, ਜੋ ਦਰਸ਼ਕਾਂ ਨੂੰ ਹੀ ਸੁਣਦਾ ਹੈ)*

ਵਾਹ ਓਏ ਅੰਤਰਜਾਮੀ ਫ਼ਕੀਰ ਸਿੰਹਾਂ, ਅਸੀਂ ਤਾਂ ਰੱਬ ਬਣ ਗਏ ਹਾਂ। ਹੁਣ ਜੇ 'ਰੱਬ' ਵੀ ਆ ਜਾਏ ਤਾਂ ਸ਼ਰਧਾਲੂ ਆਪਾਂ ਨੂੰ ਹੀ ਰੱਬ ਮੰਨਣਗੇ। *(ਹੱਸਦਾ ਹੈ)* ਕਮਲੇਸ਼ ਕੌਰ ਤਾਂ ਕੱਠਪੁਤਲੀ ਏ ਸਾਡੀ, ਇਹਦੇ ਘਰ ਦਾ ਭੇਤ ਸਾਡੀ ਹੀ ਸ਼ਰਧਾਲੂ ਇਹਦੇ ਗੁਆਂਢ 'ਚੋਂ ਆ ਕੇ ਦੱਸ ਦਿੰਦੀ ਏ। ਸੁਰਜੀਤ ਸਿੰਘ ਦਾ ਨਾਮੋ ਨਿਸ਼ਾਨ ਹੀ ਮਿਟਾ ਦਿਆਂਗਾ, ਹਰ ਥਾਂ ਮੇਰੀ ਮਿੱਟੀ ਪੁੱਟਦੈ। ਸਕੂਲ ਵੇਲੇ ਦੀਆਂ ਖਾਧੀਆਂ ਚਪੇੜਾਂ ਦਾ ਹਿਸਾਬ ਕਿਤਾਬ ਵੀ ਹੋ ਕੇ ਰਹੇਗਾ।

*(ਕਮਲੇਸ਼ ਕੌਰ ਆਉਂਦੀ ਹੈ, ਫ਼ਕੀਰਾ ਅੱਗੇ ਦਸ ਹਜ਼ਾਰ ਰੁਪਏ ਰੱਖਦੀ ਹੈ)*

ਕਮਲੇਸ਼ : ਲਓ ਬਾਬਾ ਜੀ, ਜ਼ਰਾ ਕਿਰਪਾ ਕਰ ਦਿਓ।

ਫਕੀਰਾ : ਪਰੇਸ਼ਾਨ ਏਂ ਨਾ?

ਕਮਲੇਸ਼ : ਜੀ ਬਾਬਾ ਜੀ, ਬਹੁਤ ਤੰਗ ਹਾਂ।

ਫਕੀਰਾ : ਵੱਡਾ ਮੁੰਡਾ ਪੈਸੇ ਨਹੀਂ ਭੇਜਦਾ, ਛੋਟਾ ਪਰਵਾਹ ਨਹੀਂ ਕਰਦਾ।

ਕਮਲੇਸ਼ : ਸਤਬਚਨ, ਤੁਸੀਂ ਤਾਂ ਜਾਣੀ ਜਾਣ ਹੋ। ਵੱਡਾ ਮੁੰਡਾ ਮਿਹਰ ਤਾਂ ਰਹਿ ਗਿਆ ਆਪਣੇ ਟੱਬਰ ਜੋਗਾ, ਛੋਟਾ ਮੇਜਰ ਵਿਆਹ ਕਰਾਉਣ ਤੋਂ ਮਗਰੋਂ ਖਿਡੌਣਾ ਬਣ ਗਿਐ ਆਪਣੀ ਵਹੁਟੀ ਦੇ ਹੱਥਾਂ ਵਿੱਚ। ਪੜ੍ਹੀ ਲਿਖੀ ਆਈ ਏ, ਮੈਨੂੰ ਤਾਂ ਟਿੱਚ ਨਹੀਂ ਸਮਝਦੀ।

ਫਕੀਰਾ : ਬੀਬੀ, ਇਸ ਜੰਤਰੀ ਦੇ ਇਸ ਖਾਨੇ ਵਿੱਚ ਸੱਜੇ ਹੱਥ ਦੀ ਕੋਈ ਉਂਗਲ ਧਰ, *(ਕਮਲੇਸ਼ ਜੰਤਰੀ ਦੇ ਖਾਨੇ 'ਤੇ ਉਂਗਲ ਧਰਦੀ ਹੈ)*

ਹੁਣ ਉਂਗਲ ਚੁੱਕ ਲੈ ਬੀਬੀ। *(ਕੁਝ ਪਲ ਬਾਅਦ)* ਇਸ



ਘਰ ਨੂੰ ਗ੍ਰਹਿ ਲੱਗ ਗਿਐ।

ਕਮਲੇਸ਼ : ਕੀਹਦਾ ਬਾਬਾ ਜੀ?

ਫਕੀਰਾ : ਸੁਰਜੀਤ ਸਿੰਘ ਦਾ। ਇਹਨੇ ਘਰ ਨੂੰ ਨਰਕ ਬਣਾ ਦਿੱਤੈ।

ਕਮਲੇਸ਼ : ਸੱਚ ਕਹਿ ਰਹੇ ਹੋ ਬਾਬਾ ਜੀ, ਇਹਦੇ ਕਮਰੇ 'ਚੋਂ ਸ਼ਰਾਬ ਦੀ ਹੀ ਬੋਅ ਆਉਂਦੀ ਏ, ਸਫ਼ਾਈ ਕਰਨ ਵਾਲੀ ਮੂੰਹ ਬੰਨ ਕੇ ਇਹਦਾ ਕਮਰਾ ਸਾਫ਼ ਕਰਦੀ ਏ। ਇਹ ਮਗਰੋਂ ਲਹਿ ਜਾਏ, ਸਭ ਕੁਝ ਸਹੀ ਹੋ ਜਾਏਗਾ।

ਫਕੀਰਾ : ਹਾਂ, ਇਹ ਗ੍ਰਹਿ ਮਗਰੋਂ ਲੱਥੇਗਾ, ਘਰ ਸਵਰਗ ਬਣ ਜਾਵੇਗਾ।। ਬੀਬੀ, ਸਰੀਰ ਦੇ ਕਿਸੇ ਅੰਗ 'ਚ ਜ਼ਹਿਰ ਫੈਲ ਜਾਵੇ ਤਾਂ ਉਸ ਨੂੰ ਕੱਟ ਦਿੱਤਾ ਜਾਂਦੈ, ਤਾਂ ਕਿ ਬਾਕੀ ਸਰੀਰ ਬਚ ਸਕੇ। ਜੇ ਇਹ ਬੰਦਾ ਖਤਮ ਹੋ ਗਿਐ ਤਾਂ ਬਾਕੀ ਪਰਿਵਾਰ ਬਚ ਜਾਵੇਗਾ। ਨਹੀਂ ਤਾਂ ਕੁਝ ਵੀ ਨਹੀਂ ਬਚੇਗਾ। ਜਿਵੇਂ ਮੈਂ ਕਹਾਂ, ਕਰਨਾ ਪਵੇਗਾ।

ਕਮਲੇਸ਼ : *(ਹੱਥ ਜੋੜਦੀ ਹੋਈ)* ਜਿਵੇਂ ਤੁਸੀਂ ਕਹਿੰਦੇ ਹੋ, ਇਵੇਂ ਹੀ ਕਰਾਂਗੀ।

ਫਕੀਰਾ : ਰੱਬ ਨੇ ਖ਼ੁਦ ਆ ਕੇ ਨਹੀਂ ਖਤਮ ਕਰਨਾ ਹੁੰਦਾ ਰਾਖਸ਼ਾਂ ਨੂੰ। ਰੱਬ ਨੇ ਤੈਨੂੰ ਤਾਕਤ ਬਖਸ਼ੀ ਏ ਇਸ ਰਾਖਸ਼ ਨੂੰ ਖਤਮ ਕਰਨ ਦੀ। ਇਹਦਾ ਵੀ ਪੁੰਨ ਲੱਗੇਗਾ ਬੀਬੀ। ਸੁਰਜੀਤ ਸਿੰਘ, ਤੇਰੇ ਤੋਂ ਤਕੜਾ ਏ?

ਕਮਲੇਸ਼ : ਉਹ ਤਾਂ ਡਿੱਗਦਾ ਫਿਰਦੈ, ਇੱਕ ਦਿਨ ਜ਼ਿਆਦਾ ਪੀ ਕੇ ਆ ਗਿਆ, ਗੇਟ ਦੇ ਵਿੱਚ ਹੀ ਮੈਂ ਉਹਨੂੰ ਧੱਕਾ ਮਾਰਿਆ ਤਾਂ ਉਹ ਨਾਲੀ ਵਿੱਚ ਜਾ ਡਿੱਗਾ।

ਫਕੀਰਾ : ਹਾਂ ਜਦ ਹੀ ਉਹ ਘਰ ਵੱਲ ਆਏ ਤਾਂ ਰੱਬ ਦਾ ਨਾਂ ਲੈ ਕੇ ਪੂਰੀ ਤਾਕਤ ਨਾਲ ਧੱਕਾ ਮਾਰਨਾ, ਉਹਦਾ ਸਿਰ ਕਿਸੇ ਕੰਧ 'ਚ ਜਾ ਵੱਜੇ। ਡਿੱਗ ਪਵੇਗਾ ਤਾਂ ਗਲਾ ਘੁੱਟ ਦੇਣਾ ਪਰਨੇ ਨਾਲ। ਬੋਲ, ਆਰ ਕਿ ਪਾਰ?

ਕਮਲੇਸ਼ : ਪਾਰ ਹੀ ਹੋਵੇਗਾ ਬਾਬਾ ਜੀ।

ਫਕੀਰਾ : ਆਹ ਲਓ ਮਾਲਾ। ਮਣਕੇ ਘੁੰਮਾਈ ਜਾਓ, 'ਰੱਬ ਰੱਬ' ਗਾਈ ਜਾਓ। ਸਾਰਾ ਕਾਰਜ ਸੰਪੂਰਨ ਕਰ ਹਫਤੇ ਬਾਅਦ ਸਾਡੇ ਡੇਰੇ ਆਉਣਾ, ਅਸੀਂ ਅੰਮ੍ਰਿਤ ਦਿਆਂਗੇ। ਸਾਰਾ ਘਰ ਸਵਰਗ ਬਣ ਜਾਵੇਗਾ।ਅਸੀਂ ਚਲਦੇ ਹਾਂ। *(ਕਮਲੇਸ਼ ਕੌਰ ਫਿਰ ਮੱਥਾ ਟੇਕਦੀ ਹੈ, ਮਾਲਾ ਦੇ ਮਣਕੇ ਘੁਮਾਈ ਜਾਂਦੀ ਹੈ ਅਤੇ ਮੂੰਹ ਵਿੱਚ 'ਰੱਬ ਰੱਬ' ਬੋਲੀ ਜਾਂਦੀ ਹੈ।*

*ਸਾਧ ਫਕੀਰਾ ਚਲਾ ਜਾਂਦਾ ਹੈ)*

ਕਮਲੇਸ਼ : *(ਆਪਣੇ ਆਪ ਨਾਲ)* ਮੈਂ ਮਾਰ ਸਕਾਂਗੀ ਸੁਰਜੀਤ ਨੂੰ?

ਫਕੀਰਾ ਦੀ ਆਵਾਜ਼ : ਰੱਬ ਨੇ ਤੈਨੂੰ ਤਾਕਤ ਬਖਸ਼ੀ ਏ ਇਸ ਰਾਖਸ਼ ਨੂੰ ਮਾਰਨ ਦੀ। *(ਕਮਲੇਸ਼ ਕੌਰ ਦ੍ਰਿੜ ਹੁੰਦੀ ਜਾਪਦੀ ਹੈ)*

ਕਮਲੇਸ਼ : (ਆਪਣੇ ਆਪ ਨਾਲ) ਜੇ ਕਿਸੇ ਨੂੰ ਪਤਾ ਲੱਗ ਗਿਆ ਤਾਂ?

ਫਕੀਰਾ ਦੀ ਆਵਾਜ਼ : ਜੇ ਇਹ ਬੰਦਾ ਖਤਮ ਹੋ ਗਿਆ ਤਾਂ ਬਾਕੀ ਪਰਿਵਾਰ ਬਚ ਜਾਵੇਗਾ।

ਕਮਲੇਸ਼ : ਹਾਂ ਹਾਂ, ਇਹ ਕੋਹੜੀ ਰੋਜ਼ ਦਾ ਸ਼ਰਾਬੀ ਅੱਜ ਹੀ ਖਤਮ ਹੋਵੇਗਾ। *(ਲੜਖੜਾਉਂਦਾ ਹੋਇਆ ਸੁਰਜੀਤ ਸਿੰਘ ਆਉਂਦਾ ਹੈ)* ਪੀ ਆਇਐਂ ਮੂਤਰ?

ਸੁਰਜੀਤ : *(ਸ਼ਰਾਬੀ ਹਾਲਤ ਵਿੱਚ)* ਉਹ ਤੂੰ ਪੀਂਦੀ ਹੋਵੇਂਗੀ– ਪਾਖੰਡੀ ਸਾਧਾਂ ਦਾ, ਮੈਂ ਤਾਂ ਸ਼ਰਾਬ ਪੀਤੀ ਏ।

ਕਮਲੇਸ਼ : ਤੇਰੀ ਲਾਹੁੰਦੀ ਹਾਂ ਸ਼ਰਾਬ ਕੁੱਤਿਆ।

ਸੁਰਜੀਤ : ਕੁੱਤੀ ਤੂੰ, ਮੈਂ ਸਾਹਨ ਬੰਦਾ ਹਾਂ ਸਾਹਨ।

ਕਮਲੇਸ਼ : ਵੇਖਦੀ ਹਾਂ ਵੱਡੇ ਸਾਹਨ ਨੂੰ।

*(ਸੁਰਜੀਤ ਸਿੰਘ ਨੂੰ ਪੂਰੇ ਜ਼ੋਰ ਨਾਲ ਧੱਕਾ ਦਿੰਦੀ ਹੈ, ਸੁਰਜੀਤ ਸਿੰਘ ਦਾ ਮੱਥਾ ਕੰਧ ਨਾਲ ਵੱਜਦਾ ਹੈ, ਲਹੂ ਲੁਹਾਨ ਹੋ ਜਾਂਦਾ ਹੈ। ਉਹ ਜ਼ਮੀਨ 'ਤੇ ਡਿੱਗ ਪੈਂਦਾ ਹੈ। ਕਮਲੇਸ਼ ਕੌਰ ਪਰਨੇ ਨਾਲ ਸੁਰਜੀਤ ਸਿੰਘ ਦੇ ਗਲੇ ਨੂੰ ਘੁੱਟਦੀ ਹੈ)*

ਸੁਰਜੀਤ : ਛੱਡ ਦੇ.... ਮੈ....ਨੂੰ...

ਕਮਲੇਸ਼ : ਚੱਲ ਨਰਕਾਂ ਵਿੱਚ।

*(ਕਮਲੇਸ਼ ਕੌਰ ਪਰਨੇ ਨੂੰ ਹੋਰ ਮਜ਼ਬੂਤੀ ਨਾਲ ਘੁੱਟਦੀ ਹੈ, ਜਿਸ ਨਾਲ ਤੜਫ਼ਦਾ ਹੋਇਆ ਸੁਰਜੀਤ ਸਿੰਘ ਦਮ ਤੋੜ ਜਾਂਦਾ ਹੈ, ਸੁਰਜੀਤ ਸਿੰਘ ਦੀ ਲਾਸ਼ ਨੂੰ ਕੰਬਲ ਨਾਲ ਢੱਕ ਦਿੰਦੀ ਹੈ)* ਇਹ ਤਾਂ ਹੋ ਗਿਐ ਖਤਮ। ਦਿਲ ਡਰਦਾ ਪਿਐ।

ਫਕੀਰਾ ਦੀ ਆਵਾਜ਼ : ਸਰੀਰ ਦੇ ਕਿਸੇ ਅੰਗ 'ਚ ਜ਼ਹਿਰ ਫੈਲ ਜਾਵੇ ਤਾਂ ਉਸਨੂੰ ਕੱਟ ਦਿੱਤਾ ਜਾਂਦੈ।

*(ਕਮਲੇਸ਼ ਕੌਰ ਸੰਭਲਦੀ ਹੈ, ਮੇਜਰ ਸਿੰਘ ਨੂੰ ਕੰਬਦੇ ਹੱਥਾਂ ਨਾਲ ਫੂਨ ਲਾਉਂਦੀ ਹੈ, ਰੌਸ਼ਨੀਆਂ ਰਾਹੀਂ ਸਟੇਜ ਦੋਹਾਂ ਹਿੱਸਿਆਂ ਵਿੱਚ ਵੰਡੀ ਜਾਂਦੀ ਹੈ)*



ਮੇਜਰ : ਹੈਲੋ, ਮੰਮੀ। ਸਭ ਠੀਕ ਏ ਨਾ?

ਕਮਲੇਸ਼ : *(ਰੋਂਦੀ ਹੋਈ)* ਲੈ ਗਈ ਸ਼ਰਾਬ ਤੇਰੇ ਡੈਡੀ ਨੂੰ। ਨਹੀਂ ਰਿਹਾ, ਪਾਰਟੀ ਖਾਣ ਗਿਆ ਸੀ....

ਮੇਜਰ : *(ਰੋਂਦਾ ਹੋਇਆ)* ਡੈਡੀ, ਮੇਰਾ ਡੈਡੀ।.... ਜਿੰਨੇ ਦਿਨ ਮੈਂ ਰਿਹਾਂ, ਤੂੰ ਬੜੇ ਹਿਸਾਬ ਦੀ ਪੀਂਦਾ ਰਿਹੈਂ। ਅੱਜ ਤੈਨੂੰ ਕੀ ਹੋ ਗਿਐ ਮੇਰੇ ਸੋਹਣੇ ਡੈਡੀ....

ਕਮਲੇਸ਼ : ਪੰਮੋ ਕੁਲਹਿਣੀ ਦੇ ਘਰ ਪਾਰਟੀ ਸੀ, ਪਤਾ ਨਹੀਂ ਕੀ ਜ਼ਹਿਰ ਪਿਆ ਦਿੱਤੈ ਉਹਨਾਂ.... ਘਰ ਦੇ ਗੇਟ ਤੱਕ ਪਹੁੰਚਿਆ। ਡਿੱਗਣ ਦੀ ਵਾਜ ਆਈ.... ਬਾਹਰ ਜਾ ਕੇ ਵੇਖਿਆ.... ਇਹ ਭਾਣਾ ਵਾਪਰ ਗਿਐ....

ਮੇਜਰ : *(ਸੰਭਲਦਾ ਹੋਇਆ)* ਮੰਮੀ ਮੇਰੀ ਆਉਣ ਤੇ ਸਸਕਾਰ ਕਰਿਓ। ਮੈਂ ਹੁਣੇ ਐਮਰਜੈਂਸੀ ਦੀ ਟਿਕਟ ਕਟਾਉਂਦਾ ਵਾਂ, ਰਮਨੀਤ ਨੂੰ ਫੂਨ ਕਰ ਦੇਨਾਂ, ਉਹ ਪਹੁੰਚ ਜਾਵੇਗੀ ਹੁਣੇ।

ਕਮਲੇਸ਼ : ਪੁੱਤਰ, ਤੂੰ ਆਪ ਠੀਕ ਏਂ?

ਮੇਜਰ : ਅੱਜ ਹੀ ਹਸਪਤਾਲੋਂ ਛੁੱਟੀ ਮਿਲੀ ਸੀ। ਸ਼ੂਗਰ ਈ ਨਹੀਂ ਛੱਡਦੀ ਪਈ।

ਕਮਲੇਸ਼ : ਇਧਰ ਮੇਰੀ ਸ਼ੂਗਰ ਵੀ....

ਮੇਜਰ : ਤੁਸੀਂ ਆਪਣੇ ਆਪ ਨੂੰ ਸੰਭਾਲੋ..... ਮੈਂ ਟਿਕਟ ਦਾ ਪ੍ਰਬੰਧ ਕਰਦਾਂ। *(ਕਮਲੇਸ਼ ਕੌਰ ਆਪਣੇ ਵੱਡੇ ਪੁੱਤਰ ਮਿਹਰ ਨੂੰ ਵੀਡੀਓ ਕਾਲ ਲਾਉਂਦੀ ਹੈ, ਰੌਸ਼ਨੀਆਂ ਰਾਹੀਂ ਸਟੇਜ ਦੋ ਹਿੱਸਿਆਂ ਵਿੱਚ ਵੰਡੀ ਜਾਂਦੀ ਹੈ। ਇੱਕ ਹਿੱਸਾ ਕਮਲੇਸ਼ ਕੌਰ ਲਈ ਅਤੇ ਦੂਜਾ ਹਿੱਸਾ ਮਿਹਰ ਸਿੰਘ ਲਈ ਹੈ।)*

ਮਿਹਰ : *(ਫੂਨ ਆਨ ਕਰਦੇ ਹੋਏ)* ਹੈਲੋ ਮੰਮੀ, ਕੀ ਹਾਲ ਏ ਤੁਹਾਡਾ?

ਕਮਲੇਸ਼ : ਕਾਹਦਾ ਹਾਲ *(ਰੋਂਦੀ ਹੋਈ)* ਸ਼ਰਾਬ ਲੈ ਗਈ ਤੇਰੇ ਡੈਡੀ ਦੀ ਜਾਨ....

ਮਿਹਰ : *(ਉੱਚੀ ਉੱਚੀ ਰੋਂਦਾ ਹੋਇਆ)* ਕੀ ਹੋਇਆ ਮੇਰੇ ਡੈਡੀ ਨੂੰ.... ਮੇਰੀ ਗੱਲ ਕਰਾ ਡੈਡੀ ਨਾਲ.... ਓ ਲੋਕੋ! ਮੇਰਾ ਡੈਡੀ, ਮੇਰਾ ਸੋਹਣਾ ਡੈਡੀ.... ਮੇਰੀ ਦੁਨੀਆ ਉਜੜ ਗਈ.... ਮੈਂ ਆਪਣੀ ਜਾਨ ਦੇ ਦਿਆਂਗਾ।

ਕਮਲੇਸ਼ : ਪੁੱਤਰ, ਉਹ ਤਾਂ ਚਲਾ ਗਿਐ.... ਤੂੰ ਜਾਨ ਦੇ ਦੇਵੇਂਗਾ

ਤਾਂ ਤੇਰੇ ਟੱਬਰ ਨੂੰ ਕੌਣ ਸੰਭਾਲੇਗਾ?

ਮਿਹਰ : ਮੈਂ ਆਉਣਾ ਟਿਕਟ ਲੈ ਕੇ... ਮੇਰੇ ਆਉਣ ਤੱਕ ਸਸਕਾਰ ਨਾ ਕਰਿਓ। ਮੈਂ ਉਹਨਾਂ ਦਾ ਚਿਹਰਾ ਵੇਖ ਲਵਾਂ।

ਕਮਲੇਸ਼ : ਲੈ ਵੇਖ ਲੈ ਚਿਹਰਾ *(ਰੋਸ਼ਨੀ ਸੁਰਜੀਤ ਸਿੰਘ ਦੀ ਲਾਸ਼ 'ਤੇ ਪੈਂਦੀ ਹੈ, ਖ਼ੂਨ ਨਾਲ ਲੱਥ-ਪੱਥ ਚਿਹਰਾ ਨਜ਼ਰ ਆਉਂਦਾ ਹੈ)*

ਮਿਹਰ : *(ਚੀਖਦਾ ਹੋਇਆ)*ਮੇਰੇ ਡੈਡੀ ਦਾ ਖ਼ੂਨ ਕਿੰਨੇ ਵਗਾਇਐ, ਮੈਂ ਉਹਨੂੰ ਛੱਡਾਂਗਾ ਨਹੀਂ।

ਕਮਲੇਸ਼ : ਬਹੁਤੀ ਪੀ ਲਈ... ਗੇਟ ਦੇ ਥਮਲੇ ਵਿੱਚ ਵੱਜਾ... ਫਿਰ ਧੜੰਮ ਕਰਕੇ ਫਰਸ਼ 'ਤੇ ਡਿੱਗ ਪਿਆ। ਮੇਰੀ ਗੱਲ ਸੁਣ ਮਿਹਰ, ਤੂੰ ਅਜੇ ਨਾ ਆਵੀਂ।

ਮਿਹਰ : ਕਿਉਂ ਨਾ ਆਵਾਂ?

ਕਮਲੇਸ਼ : ਭੌਰ ਈ ਚਲਾ ਗਿਆ.... ਆ ਕੇ ਕੀ ਕਰੇਂਗਾ? ਗਰੀਨ ਕਾਰਡ ਮਿਲਿਆ ਹੁੰਦਾ ਤਾਂ ਆ ਵੀ ਜਾਂਦਾ। ਤੇਰੇ ਬੱਚੇ ਨੇ... ਉਹ ਵੀ ਰੋਣ ਲੱਗ ਪਏ *(ਬੱਚਿਆਂ ਦੇ ਰੋਣ ਦੀਆਂ ਆਵਾਜ਼ਾਂ ਆਉਂਦੀਆਂ ਹਨ)*

ਮਿਹਰ : ਇਹਨਾਂ ਨਿਆਣਿਆਂ ਕਰਕੇ ਇੱਥੇ ਟਿਕਿਆਂ... ਨਹੀਂ ਤਾਂ.....

ਕਮਲੇਸ਼ : ਹੌਂਸਲਾ ਕਰ, ਪਰ ਅਜੇ ਤੂੰ ਨਾ ਆਵੀਂ। ਰੂਬੀ ਕਿੱਥੇ ਵੇ?

ਮਿਹਰ : ਚਾਰ ਦਿਨ ਹੋ ਗਏ... ਪਤਾ ਨਹੀਂ ਕਿੱਥੇ ਟੱਕਰਾਂ ਮਾਰਦੀ ਫਿਰਦੀਂ ਏ।

ਕਮਲੇਸ਼ : ਉਹਨੂੰ ਕੱਢ ਦੇ ਘਰੋਂ ਬਾਹਰ... ਆਪਣੇ ਪੁੱਤਰਾਂ ਲਈ ਕਮਾ।

ਮਿਹਰ : ਪਰ ਮੇਰਾ ਡੈਡੀ.... ਮੈਂ ਵਿਛੋੜਾ ਕਿਵੇਂ ਸਹਿਨ ਕਰ ਸਕਾਂਗਾ। *(ਮਿਹਰ ਸੋਚਦਾ ਹੋਇਆ ਸਟਿੱਲ ਹੋ ਜਾਂਦਾ ਹੈ, ਦੂਰੋਂ ਗੀਤ ਦੇ ਬੋਲ ਸੁਣਾਈ ਦਿੰਦੇ ਹਨ)*

ਗੀਤ ਦੇ ਬੋਲ : ਇਹ ਕਿਵੇਂ ਦਾ ਰੁਜ਼ਗਾਰ ਹੈ।
ਕੋਈ ਆਰ ਹੈ, ਕੋਈ ਪਾਰ ਹੈ।
ਇਧਰ ਮਰਿਆ ਬਾਪੂ, ਉਧਰ ਰੌਂਦਾ ਪੁੱਤ
ਰੱਬਾ! ਇਹ ਕਿਹਾ ਪਰਿਵਾਰ ਹੈ।



## *ਦ੍ਰਿਸ਼ ਪੰਦਰਾਂ*

ਸਥਾਨ : *ਕਮਲੇਸ਼ ਕੌਰ ਦੇ ਘਰ ਦਾ ਵਰਾਂਡਾ (ਗੈਲਰੀ) ਇੱਕ ਮੰਜੇ 'ਤੇ ਮੇਜਰ ਸਿੰਘ ਲੇਟਿਆ ਹੋਇਆ ਹੈ ਜੋ ਕਾਫ਼ੀ ਦਿਨਾਂ ਤੋਂ ਬਿਮਾਰ ਹੈ। ਰਮਨੀਤ ਕੌਰ ਉਦਾਸ ਹਾਲਤ ਵਿੱਚ ਮੇਜਰ ਸਿੰਘ ਦੇ ਮੰਜੇ ਸਾਹਮਣੇ ਰੱਖੇ ਛੋਟੇ ਜਿਹੇ ਮੇਜ 'ਤੇ ਗਲਾਸ ਰੱਖਦੀ ਹੈ, ਉਸ ਦੇ ਹੱਥ ਵਿੱਚ ਦਵਾਈਆਂ ਵੀ ਹਨ।*

ਰਮਨੀਤ : *(ਮੇਜਰ ਸਿੰਘ ਨੂੰ)* ਲਉ ਦਵਾਈ ਖਾ ਲਉ।

ਮੇਜਰ : *(ਉੱਠਦਾ ਹੋਇਆ)* ਮੈਂ ਤਾਂ ਤੈਨੂੰ ਵੀ ਵਖ਼ਤ ਪਾਇਐ। ਕਿੰਨੀ ਸੇਵਾ ਕਰ ਰਹੀ ਏਂ। (ਅੱਖਾਂ ਵਿੱਚ ਹੰਝੂ ਆ ਜਾਂਦੇ ਹਨ)

ਰਮਨੀਤ : ਕੀ ਹੋਇਆ?

ਮੇਜਰ : ਸਰੀਰ 'ਚ ਤਾਕਤ ਘੱਟਦੀ ਜਾਂਦੀ ਏ।
(ਪ੍ਰਕਾਸ਼ ਸਿੰਘ ਅਤੇ ਕਮਲੇਸ਼ ਕੌਰ ਆਉਂਦੇ ਹਨ)

ਪ੍ਰਕਾਸ਼ : ਮੇਜਰ ਠੀਕ ਏਂ? *(ਮੇਜਰ ਚੁੱਪ ਰਹਿੰਦਾ ਹੈ)*

ਰਮਨੀਤ : ਵੀਕਨੈਸ ਏ, ਡੈਡੀ ਦੀ ਡੈੱਥ ਦਾ ਅਸਰ ਪਿਆ ਹੈਲਥ 'ਤੇ ਵੀ।

ਪ੍ਰਕਾਸ਼ : ਜਿੰਨੀ ਲਿਖੀ ਸੀ, ਭੋਗ ਗਿਐ। ਮਰਿਆਂ ਨਾਲ ਕੋਈ ਮਰ ਤਾਂ ਨਹੀਂ ਜਾਂਦਾ ਮੇਜਰ।
*(ਐਮ.ਆਰ.ਆਈ. ਦੀ ਰਿਪੋਰਟ ਦੇਣ ਪ੍ਰਾਈਵੇਟ ਹਸਪਤਾਲ ਤੋਂ ਹੈਪੀ ਨਾਂ ਦਾ ਅਸਿਸਟੈਂਟ ਆਉਂਦਾ ਹੈ)*

ਹੈਪੀ : *(ਰਮਨੀਤ ਨੂੰ)* ਮੈਡਮ, ਡਾਕਟਰ ਸਾਹਿਬ ਨੇ ਰਿਪੋਰਟ ਭੇਜੀ ਏ। ਨਾਲ ਹੀ ਸ਼ਹਿਰ ਦੇ ਇਸ ਹਸਪਤਾਲ ਲਈ ਰੈਫਰ ਵੀ ਕਰ ਦਿੱਤੈ।

ਕਮਲੇਸ਼ : ਕੀ ਕਹਿੰਦੈ ਡਾਕਟਰ?

ਹੈਪੀ : ਕੇਸ ਕੁਝ ਵਿਗੜਿਆ ਜਾਪਦੈ। ਤਿੰਨ ਚਾਰ ਬਿਮਾਰੀਆਂ ਆਈਆਂ ਇਸ ਰਿਪੋਰਟ 'ਚ। ਉਮਰ ਕੀ ਤੇ ਬਿਮਾਰੀਆਂ ਇੰਨੀਆਂ!

ਕਮਲੇਸ਼ : ਹਾਏ ਮੈਂ ਮਰ ਗਈ। ਸ਼ਹਿਰ ਦੇ ਹਸਪਤਾਲ ਤਾਂ ਤਾਰੇ

ਵਿਖਾ ਦਿੰਦੇ ਨੇ। ਮਰੀਜ਼ ਤਾਂ ਔਖਾ ਹੰਦਾ ਈ ਏ, ਮਰੀਜ਼ ਦੇ ਕੋਲ ਰਹਿਣ ਵਾਲੇ ਵੀ ਬਿਮਾਰ ਹੋ ਜਾਂਦੇ ਨੇ।

ਹੈਪੀ : ਪਰ ਇਲਾਜ ਸ਼ਹਿਰ ਦੇ ਹਸਪਤਾਲ 'ਚ ਹੀ ਹੋਣੈ। ਉੱਥੇ ਹਰ ਬਿਮਾਰੀ ਦਾ ਵੱਖਰਾ ਡਾਕਟਰ ਏ। ਤੁਸੀਂ ਦੇਰ ਨਾ ਕਰੋ, ਹੁਣੇ ਲੈ ਜਾਓ।

ਰਮਨੀਤ : ਠੀਕ ਏ, ਮੈਂ ਜਾਵਾਂਗੀ ਹੋਸਪਿਟਲ ਲੈ ਕੇ। ਐਮ.ਆਰ. ਆਈ ਦੀ ਰਿਪੋਰਟ ਲਿਜਾਣੀ ਪਵੇਗੀ, ਨਾਲ ਹੀ ਲੋਕਲ ਡਾਕਟਰ ਦਾ ਟਰੀਟਮੈਂਟ ਵੀ।

ਕਮਲੇਸ਼ : ਸ਼ਹਿਰ ਦੇ ਹਸਪਤਾਲ ਦਾ ਨਾਂ ਸੁਣਦੇ ਹੀ ਕਾਂਬਾ ਛਿੜ ਪੈਂਦੈ, ਬਾਬਾ ਫਕੀਰਾ ਕੋਲ ਗਏ ਸੀ ਅਰਦਾਸ ਕਰਾਉਣ ਤੰਦਰੁਸਤੀ ਦੀ। ਉਹਨਾਂ ਅਰਦਾਸ ਵੀ ਕਰ ਦਿੱਤੀ ਏ ਤੇ ਨਾਲ ਇੱਕ ਹਕੀਮ ਨੂੰ ਵੀ ਭੇਜ ਰਹੇ ਨੇ, ਜੋ ਸ਼ੂਗਰ ਦਾ ਇਲਾਜ ਸ਼ਰਤੀਆਂ ਕਰਦੈ।। ਸੱਤੇ ਖੈਰਾਂ ਨੇ ਹੁਣ।

ਰਮਨੀਤ : ਤੁਸੀਂ ਆਪਣੀ ਸ਼ੂਗਰ ਦਾ ਇਲਾਜ ਕਰਾ ਲਓ ਹਕੀਮ ਤੋਂ, ਸਾਨੂੰ ਸ਼ਹਿਰ ਜਾਣ ਦਿਓ।

ਪ੍ਰਕਾਸ਼ : ਰਮਨੀਤ ਬੇਟੇ, ਉਹ ਹਕੀਮ ਆਯੁਰਵੈਦਿਕ ਜੜ੍ਹੀ ਬੂਟੀਆਂ ਦੀ ਦਵਾਈ ਦਿੰਦੈ। ਅੱਜ ਦਾ ਦਿਨ ਵੇਖ ਤਾਂ ਲਈਏ, ਨਾ ਹੋਇਆ ਤਾਂ ਕਲ੍ਹ ਸਵੇਰੇ ਚੱਲ ਪਵਾਂਗੇ ਸ਼ਹਿਰ।
*(ਮੇਜਰ ਸਿੰਘ ਨੂੰ)*
ਜਰਮਨ ਵਿੱਚ ਵੀ ਕੋਈ ਪਰਾਬਲਮ ਆਈ ਤੈਨੂੰ?

ਮੇਜਰ : ਸਾਰੀ ਪਾਰਬਲਮ ਹੀ ਜਰਮਨ ਦੀ ਏ। ਦਿਨ ਰਾਤ ਕੰਮ ਹੀ ਕੰਮ। ਮੰਮੀ ਕਹਿੰਦੀ, ਲੱਖ ਤੋਂ ਘੱਟ ਨਾ ਭੇਜੀਂ ਹਰ ਮਹੀਨੇ। ਕੀ ਕਰਦਾ?.... ਚਾਰ ਚਾਰ ਘੰਟੇ ਓਵਰ ਟਾਈਮ ਲਾਓ, ਘਰ ਦੀ ਰੋਟੀ ਨਾ ਖਾਓ, ਫਾਸਟਫੂਡ ਜਾਂ ਰੈਸਟੋਰੈਂਟ ਦੀ ਰੋਟੀ ਬਿਮਾਰੀ ਦਾ ਘਰ *(ਖੰਘਦਾ ਹੈ)*...... ਚਾਰ ਘੰਟੇ ਸੌਣਾ, ਅਲਾਰਮ ਖ਼ੜਕਣਾ ਤੇ ਕੰਮ ਨੂੰ ਦੌੜ ਪੈਂਣੈ। ਕੋਈ ਹੈ ਲਾਈਫ਼? ਡੈਡੀ ਸੀ, ਕਹਿੰਦਾ ਸੀ ਕੰਮ ਹਿਸਾਬ ਦਾ ਈ ਕਰ, ਨਾਲ ਸਿਹਤ ਦਾ ਖਿਆਲ ਕਰ। ਪਰ ਮੰਮੀ ਨੇ ਮਾਰਤਾ।...... ਪਾਣੀ, ਠੰਡਾ ਪਾਣੀ।
*(ਰਮਨੀਤ ਠੰਡਾ ਪਾਣੀ ਦਿੰਦੀ ਹੈ, ਹਕੀਮ ਆਉਂਦਾ ਹੈ)*

ਪ੍ਰਕਾਸ਼ : ਆਓ ਹਕੀਮ ਜੀ, ਸਾਡੇ ਕਾਕੇ ਨੂੰ ਨੌ ਬਰ ਨੌ ਕਰ ਦਿਓ, ਤੁਹਾਨੂੰ ਸਪੈਸ਼ਲ ਇਨਾਮ ਦਿਆਂਗੇ।



ਹਕੀਮ : ਕਾਕਾ, ਬਾਂਹ ਕਰ *(ਨਬਜ਼ ਟੋਂਹਦਾ ਹੋਇਆ)* ਲਓ ਉਪਰ ਵਾਲੇ ਦਾ ਨਾਂ, ਪਹਿਲਾਂ ਇੱਕ ਖ਼ਾਸ ਪੁੜੀ ਦਿੰਦੇ ਹਾਂ।
*(ਮੇਜਰ ਪੁੜੀ ਖਾ ਲੈਂਦਾ ਹੈ)*

ਰਮਨੀਤ : (ਐਮ.ਆਰ.ਆਈ. ਰਿਪੋਰਟ ਵਿਖਾਉਂਦੀ ਹੋਈ) ਹਕੀਮ ਜੀ, ਇਹ ਵੀ ਵੇਖ ਲਓ।

ਹਕੀਮ : ਇਸ ਬਲਾ ਨੂੰ ਪਰੇ ਸੁੱਟ ਦਿਓ। ਡੇਢ ਸੌ ਸਾਲ ਦਾ ਤਜਰਬਾ ਏ ਮੇਰਾ। ਨਬਜ ਟੋਂਹਦੇ ਹੀ ਪਤਾ ਲੱਗ ਜਾਂਦੈ ਬਿਮਾਰੀ ਦਾ।

ਰਮਨੀਤ : ਡੇਢ ਸੌ ਸਾਲ? ਤੁਹਾਡੀ ਉਮਰ ਕਿੰਨੀ ਏ?

ਹਕਮੀ : ਪੂਰੇ ਸੱਤਰ ਸਾਲ। ਪੰਜਾਹ ਸਾਲ ਦਾ ਮੇਰਾ ਤਜਰਬਾ, ਪੰਜਾਹ ਪੰਜਾਹ ਸਾਲ ਦਾ ਮੇਰੇ ਬਾਪੂ ਤੇ ਦਾਦੇ ਦਾ। ਹੋ ਗਿਐ ਨਾ ਡੇਢ ਸੌ ਸਾਲ।

ਕਮਲੇਸ਼ : ਹਕੀਮ ਨੂੰ ਬਾਬਾ ਜੀ ਨੇ ਘੱਲਿਐ।

ਹਕੀਮ : ਮਹਾਂਪੁਰਸ਼ਾਂ ਦੀ ਵੀ ਬੜੀ ਕ੍ਰਿਪਾ ਏ। ਮੇਰੇ ਪਾਸ ਈ ਭੇਜਦੇ ਨੇ ਵਿਗੜੇ ਹੋਏ ਕੰਮ, ਆਪਾਂ ਤਾਂ ਡਾਕਟਰਾਂ ਦਾ ਇਲਾਜ ਤੱਕ ਕੀਤੈ।

ਪ੍ਰਕਾਸ਼ : ਸਦਕੇ ਜਾਈਏ।

ਹਕੀਮ : ਕੱਲ੍ਹ ਸਵੇਰ ਤੱਕ ਵੇਖਿਓ ਸਾਡੀ ਦਵਾਈ ਦਾ ਕਮਾਲ।

ਮੇਜਰ : ਮੈਨੂੰ ਕਾਹਲੀ ਪੈਂਦੀ ਪਈ ਏ। *(ਮੇਜਰ ਕੰਬਣ ਲੱਗ ਪੈਂਦਾ ਹੈ)*

ਰਮਨੀਤ : ਫੜਿਓ, ਕੀ ਹੋਇਆ ਇਹਨਾਂ ਨੂੰ। *(ਰੋ ਪੈਂਦੀ ਹੈ)*
*(ਮੇਜਰ ਖ਼ੂਨ ਦੀ ਉਲਟੀ ਕਰਦਾ ਹੈ ਅਤੇ ਮੰਜੇ ਤੋਂ ਥੱਲੇ ਡਿੱਗ ਪੈਂਦਾ ਹੈ)*

ਪ੍ਰਕਾਸ਼ : ਮੇਜਰ, ਠੀਕ ਏਂ ਤੂੰ? ਇਹ ਤਾਂ ਖਤਮ ਜਾਪਦੈ *(ਰੋ ਪੈਂਦਾ ਹੈ)*

ਰਮਨੀਤ : (ਰੋਂਦੀ ਹੋਈ) ਪੂਰਾ ਹਫ਼ਤਾ ਹੋ ਗਿਐ, ਕਿਹਾ ਸੀ ਸ਼ਹਿਰ ਲੈ ਚਲਦੀ ਹਾਂ ਪਰ ਨਹੀਂ ਮੰਨੀ ਇਹ ਜਾਲਮ ਮਾਂ।
*(ਦੁਹੱਥੜ ਮਾਰਦੀ ਹੈ, ਹਕੀਮ ਖਿਸਕ ਜਾਂਦਾ ਹੈ)*

ਕਮਲੇਸ਼ : ਕਿਹੜਾ ਜ਼ਾਲਮ ਜੀਅ ਆ ਗਿਆ, ਮੇਰਾ ਪੁੱਤ ਖਾ ਗਿਆ।
*(ਕਮਲੇਸ਼ ਦੇ ਫ਼ੂਨ ਦੀ ਘੰਟੀ ਖੜਕਦੀ ਹੈ, ਮਿਹਰ ਨਾਲ ਫ਼ੂਨ 'ਤੇ ਗੱਲ ਹੁੰਦੀ ਹੈ)*
ਹੈਲੋ, ਮਿਹਰ ਪੁੱਤ ਕਹਿਰ ਹੋ ਗਿਐ। ਮੇਜਰ ਵੀ ਗਿਐ

ਤੇਰੇ ਡੈਡੀ ਦੇ ਪਿੱਛੇ ਪਿੱਛੇ।

ਮਿਹਰ : ਤੁਸੀਂ ਕਿੱਥੇ ਹੋ ਇਸ ਸਮੇਂ? *(ਰੋ ਪੈਂਦਾ ਹੈ)*

ਕਮਲੇਸ਼ : ਘਰ ਵਿੱਚ ਹੀ ਹਾਂ। ਸ਼ਹਿਰ ਚੱਲੇ ਸੀ ਹਸਪਤਾਲ ਪਰ ਕਿਸਮਤ ਹਾਰ ਗਈ।

ਰਮਨੀਤ : *(ਉੱਚੀ ਆਵਾਜ਼ ਵਿੱਚ ਮਿਹਰ ਨੂੰ ਸੁਣਾਉਂਦੀ ਹੋਈ) ਹਫਤਾ ਹੋ ਗਿਐ, ਸ਼ਹਿਰ ਹਸਪਤਾਲ ਲਿਜਾਂਦੇ ਤਾਂ ਬਚ ਜਾਣਾ ਸੀ। (ਰੋ ਪੈਂਦੀ ਹੈ)*

ਮਿਹਰ : *(ਰੋਂਦਾ ਹੋਇਆ)* ਇਸ ਵਿਚਾਰੀ ਰਮਨੀਤ ਦੀ ਲਾਈਫ਼ ਵੀ ਖਰਾਬ ਹੋ ਗਈ। .... ਮੈਂ ਆ ਜਾਨਾਂ ਨਿਆਣਿਆਂ ਸਮੇਤ।

ਕਮਲੇਸ਼ : ਤੂੰ ਕੀ ਕਰੇਂਗਾ ਆ ਕੇ? ਗਰੀਨ ਕਾਰਡ ਤੇਰੇ ਕੋਲ ਹੈ ਨਹੀਂ, ਨਿਆਣੇ ਉਧਰ ਰੁਲਣਗੇ ਤੇ ਤੂੰ ਇਧਰ ਮਿੱਟੀ ਘੱਟੇ 'ਚ। ... ਪੁੱਤਰ ਤੂੰ ਨਾ ਆਵੀਂ।

ਮਿਹਰ : ਨਹੀਂ ਆਵਾਂਗਾ, ਨਹੀਂ ਆਵਾਂਗਾ *(ਉੱਚੀ-ਉੱਚੀ ਰੋਂਦਾ ਫ਼ੂਨ ਕੱਟ ਦਿੰਦਾ ਹੈ)*



## ਦ੍ਰਿਸ਼ ਸੋਲਾਂ

ਸਥਾਨ : *ਕਾਲਜ ਦਾ ਲਾਅਨ। ਰਮਨੀਤ ਅਤੇ ਮਾਲੀ ਲਾਅਨ ਵਿੱਚ ਹੌਲੀ ਹੌਲੀ ਘੁੰਮ ਰਹੇ ਹਨ।*

ਰਮਨੀਤ : ਮਾਲੀ ਅੰਕਲ, ਮੇਰਾ ਮੈਸੇਜ ਦੇ ਦਿੱਤਾ ਸੀ?

ਮਾਲੀ : ਹਾਂ ਹਾਂ, ਉਸੇ ਦਿਨ ਉਸੇ ਟਾਇਮ।

ਰਮਨੀਤ : ਮਾਲੀ ਅੰਕਲ, ਕਰਮਜੀਤ ਆਵੇਗਾ?

ਮਾਲੀ : ਕਹਿੰਦਾ ਸੀ-ਪੱਕਾ ਆਵਾਂਗਾ। ਉਹ ਆਮ ਮੁੰਡਿਆਂ ਵਰਗਾ ਫ਼ੁਕਰਾ ਨਹੀਂ, ਗੁਣਾਂ ਦੀ ਗੁਥਲੀ ਏ ਕਰਮਜੀਤ।

ਰਮਨੀਤ : ਇਹ ਤਾਂ ਉਹਦੀ ਖ਼ਾਸੀਅਤ ਏ।

ਮਾਲੀ : ਉਹਦਾ ਡਾਲਰਾਂ ਨਾਲ ਪਿਆਰ ਨਹੀਂ, ਕਿਤਾਬਾਂ ਨਾਲ ਬੜੀ ਸਾਂਝ ਏ ਉਹਦੀ। ਕੁਝ ਨਾ ਕੁਝ ਪੜ੍ਹਦਾ ਰਹਿੰਦੈ ਇੱਥੇ ਆ ਕੇ।

ਰਮਨੀਤ : ਉਹ ਸੱਚਾ ਇਨਸਾਨ ਏ। ਦੁਨੀਆਂ ਤਾਂ ਪਾਗਲ ਹੋ ਗਈ ਡਾਲਰਾਂ, ਯੂਰੋ ਤੇ ਪੌਂਡਾ ਪਿੱਛੇ। ਸਾਰੇ ਰਿਸ਼ਤੇ ਈ ਤਾਰ ਤਾਰ ਹੋ ਗਏ ਇੱਥੇ।
*(ਕਰਮਜੀਤ ਆਉਂਦਾ ਹੈ)*

ਮਾਲੀ : ਲਓ ਆ ਗਿਐ ਕੁਦਰਤ ਦਾ ਬੰਦਾ) ਮੈਂ ਚੱਲਿਆਂ, ਤੁਸੀਂ ਕਰੋ ਕੁਝ ਸੱਚੀਆਂ ਸੁੱਚੀਆਂ ਰੱਬ ਵਰਗੀਆਂ।

ਰਮਨੀਤ : ਹੈਲੋ ਕਰਮਜੀਤ!

ਕਰਮਜੀਤ : ਹੈਲੋ ਰਮਨੀਤ, ਅੱਜ ਕਿਵੇਂ ਯਾਦ ਕੀਤੈ?

ਰਮਨੀਤ : *(ਗੰਭੀਰਤਾ ਵਿੱਚ)* ਕੀ ਕਹਾਂ? ਪਤਾ ਨਹੀਂ ਕਿਉਂ ਖੇਚਲ ਦਿੱਤੀ ਤੈਨੂੰ ਇੱਥੇ ਮਿਲਣ ਦੀ।

ਕਰਮਜੀਤ : ਖੇਚਲ ਦੀ ਤਾਂ ਕੋਈ ਗੱਲ ਈ ਨਹੀਂ। ਤੈਨੂੰ ਇੱਕ ਵਾਰ ਫਿਰ ਇਸ ਪਾਰਕ ਵਿੱਚ ਵੇਖਿਆਂ ਮਨ ਨੂੰ ਸਕੂਨ ਮਿਲ ਰਿਹੈ।

ਰਮਨੀਤ : ਇੱਕ ਧੋਖੇਬਾਜ ਇੱਕ ਸੱਚੇ ਸੁੱਚੇ ਇਨਸਾਨ ਨੂੰ ਸਕੂਨ ਦੇ ਹੀ ਨਹੀਂ ਸਕਦੀ।

ਕਰਮਜੀਤ : ਮੈਂ ਤੈਨੂੰ ਕਦੇ ਧੋਖੇਬਾਜ਼ ਨਹੀਂ ਸਮਝਿਆ।

ਰਮਨੀਤ : ਕੀ ਸਮਝਿਐ? ਧੋਖੇਬਾਜ਼ ਹੀ ਹਾਂ ਜੋ ਡਾਲਰਾਂ ਦੀ ਤੱਕੜੀ

'ਚ ਤੁੱਲ ਗਈ। ਮਾਇਆ ਦੀ ਚਮਕ ਦਮਕ ਨੇ ਮੈਨੂੰ ਅੰਨ੍ਹੀ ਕਰ ਦਿੱਤਾ।

ਕਰਮਜੀਤ : ਨਾ ਕੋਸ ਆਪਣੇ ਆਪ ਨੂੰ, ਮੈਨੂੰ ਚੰਗਾ ਨਹੀਂ ਲਗਦਾ ਕਿ ਮੈਂ ਤੇਰੇ ਬਾਰੇ ਇਹੋ ਜਿਹੇ ਸ਼ਬਦ ਸੁਣਾਂ।

ਰਮਨੀਤ : ਡਾਲਰ, ਯੂਰੋ ਤੇ ਪੌਂਡਾਂ ਦੀ ਹਰ ਵਕਤ ਰਟ ਲਾਉਣ ਵਾਲੇ ਲੋਕ ਆਪਣੀ ਦੁਨੀਆਂ ਅੰਦਰ ਕੈਦ ਨੇ। ਕਿਸੇ ਨਾਲ ਗੱਲ ਕਰਦੇ ਵਕਤ ਇਹ ਲੋਕ ਜੰਗਲੀ ਹੋ ਜਾਂਦੇ ਨੇ, ਕੋਈ ਸਲੀਕਾ ਨਹੀਂ। ਕਿਸੇ ਦੀ ਭਾਵਨਾ ਦੀ ਕੋਈ ਕਦਰ ਨਹੀਂ। ਅੱਧੀ ਅੱਧੀ ਰਾਤ ਤੱਕ ਮਹਿਫ਼ਲਾਂ ਲਾਈ ਰੱਖਦੇ ਨੇ। ਲੜਾਈਆਂ ਦੀਆਂ ਗੱਲਾਂ, ਪਲਾਟਾਂ ਦੀ ਗੱਲਾਂ, ਬੈਂਕ ਬੈਲੈਂਸ ਦੀਆਂ ਗੱਲਾਂ।

ਕਰਮਜੀਤ : ਰਮਨੀਤ, ਤੇਰਾ ਦਮ ਤਾਂ ਨਹੀਂ ਘੁੱਟਦਾ ਜਰਮਨ ਵਾਲਿਆਂ ਦੇ ਘਰ? ਤੇਰਾ ਹਸਬੈਂਡ ਕਿਸ ਸੁਭਾਅ ਦਾ ਮਾਲਕ ਏ?

ਰਮਨੀਤ : *(ਬਾਹਵਾਂ ਵਿਖਾਉਂਦੀ ਹੋਈ)* ਆਹ ਵੇਖ ਲੈ ਮੇਰੀਆਂ ਬਾਹਵਾਂ। *(ਅੱਖਾਂ ਵਿੱਚ ਹੰਝੂ ਆ ਜਾਂਦੇ ਹਨ)* ਮੇਰੀ ਹਾਲਤ ਐਸੀ ਕਿਸ਼ਤੀ ਵਰਗੀ ਏ ਜੋ ਪਾਣੀ 'ਚ ਡੱਕੇ ਡੋਲੇ ਖਾ ਰਹੀ ਏ, ਜਿਸ ਨੂੰ ਇਹ ਨਹੀਂ ਪਤਾ ਉਸ ਦੀ ਮੰਜ਼ਿਲ ਦਾ.....। ਪਤਾ ਨਹੀਂ ਇਹ ਕਿਸ਼ਤੀ ਕਿੱਥੇ ਡੁੱਬ ਕੇ ਆਪਣੀ ਹੋਂਦ ਆਪਣੀ ਹਸਤੀ ਮਿਟਾ ਬੈਠੇ।

ਕਰਮਜੀਤ : *(ਚੀਖਦਾ ਹੋਇਆ)* ਨਹੀਂ, ਇਹ ਨਹੀਂ ਹੋ ਸਕਦਾ। ਮੈਂ ਆਪਣੀ ਰਮਨੀਤ ਨੂੰ ਇਸ ਹਾਲਤ ਵਿੱਚ ਨਹੀਂ ਵੇਖ ਸਕਦਾ। ਬਹਾਰ ਦਾ ਨਾਂ ਹੈ ਮੇਰੀ ਰਮਨੀਤ।

ਰਮਨੀਤ : 'ਮੇਰੀ ਰਮਨੀਤ'? ਮੈਂ ਕੀ ਸੁਣ ਰਹੀ ਹਾਂ?

ਕਰਮਜੀਤ : ਹਾਂ, ਇੱਕ ਤੂਫ਼ਾਨ ਆਇਆ ਸੀ। ਹਿੱਲ ਜੁਲ ਹੋਈ, ਤੂਫ਼ਾਨ ਲੰਘ ਗਿਆ... ਜ਼ਿੰਦਗੀ ਆਮ ਵਰਗੀ ਹੋ ਗਈ।

ਰਮਨੀਤ : ਪਰ... ਮੈਂ ਆਪਣੇ ਆਪ ਨੂੰ ਮਾਫ਼ ਨਹੀਂ ਕਰ ਸਕਦੀ। ਜਿੱਥੇ ਤੇਰਾ ਦਿਲ ਕਰੇ... ਸੋਚ ਸਮਝ ਕੇ ਚੰਗੀ ਜਿਹੀ ਕੁੜੀ ਨਾਲ ਵਿਆਹ ਕਰ ਲਵੀਂ, ਜੋ ਜ਼ਿੰਦਗੀ ਵਿੱਚ ਤੇਰਾ ਚੰਗਾ ਸਾਥ ਦੇ ਸਕੇ। ਮੇਰੀਆਂ ਦੁਆਵਾਂ ਸਦਾ ਤੇਰੇ ਨਾਲ ਨੇ, ਤੇਰੀ ਮਿਸਿਜ਼ ਤੇਰੀ ਹਮਦਰਦ ਰਹੇ।

ਕਰਮਜੀਤ : ਮੇਰੇ ਮਾਂ ਪਿਓ ਨੇ ਬਥੇਰਾ ਜ਼ੋਰ ਲਾਇਐ ਕਿ ਮੈਂ ਵਿਆਹ



ਕਰ ਲਵਾਂ ਪਰ ਮੈਂ ਸਾਫ਼ ਕਹਿ ਦਿੱਤਾ ਕਿ ਰਮਨੀਤ ਤੋਂ ਬਿਨਾਂ ਕਿਸੇ ਹੋਰ ਨਾਲ ਵਿਆਹ ਕਰਨ ਬਾਰੇ ਸੋਚ ਵੀ ਨਹੀਂ ਸਕਦਾ। ਹੁਣ ਕੀ ਸੋਚਿਆ ਆਪਣੇ ਬਾਰੇ?

ਰਮਨੀਤ : ਕੋਈ ਸੋਚ ਨਹੀਂ... ਦਿਲ ਕਰਦੈ ਤੈਨੂੰ ਸੁਣਦੀ ਰਹਾਂ, ਤੈਨੂੰ ਵੇਖਦੀ ਰਹਾਂ।

ਕਰਮਜੀਤ : ਜੇ ਮੈਂ ਅੱਜ ਤਰਲਾ ਮਾਰਾਂ ਕਿ ਮੇਰੀ ਜ਼ਿੰਦਗੀ ਵਿੱਚ ਆ ਕੇ ਪਤਝੜ ਨੂੰ ਬਹਾਰ ਵਿੱਚ ਬਦਲ ਦੇ, ਕੀ ਤੂੰ ਨਾਂਹ ਕਰ ਦੇਵੇਂਗੀ?

ਰਮਨੀਤ : ਮੈਂ ਤੇਰੇ ਯੋਗ ਨਹੀਂ ਕਰਮਜੀਤ।
*(ਰੋ ਪੈਂਦੀ ਹੈ)*

ਕਰਮਜੀਤ : ਆਪਣਾ ਹੱਥ ਇਧਰ ਕਰ।
*(ਰਮਨੀਤ ਦਾ ਹੱਥ ਆਪਣੇ ਹੱਥ ਵਿੱਚ ਘੁੱਟ ਲੈਂਦਾ ਹੈ)*
ਰਮਨੀਤ, ਤੈਨੂੰ ਮੇਰੀ ਕਸਮ। ਅਸੀਂ ਕਲ੍ਹ ਹੀ ਕੋਰਟ ਮੈਰਿਜ ਕਰਦੇ ਹਾਂ। ਮੈਨੂੰ ਇਥੇ ਸਵੇਰੇ ਨੌਂ ਵਜੇ ਮਿਲਣਾ।

ਰਮਨੀਤ : ਕੋਰਟ ਮੈਰਿਜ ਦੀ ਲੋੜ ਈ ਨਹੀਂ, ਮੇਰੇ ਮੰਮੀ ਡੈਡੀ ਨੇ ਮੈਨੂੰ ਖੁੱਲ੍ਹ ਦਿੱਤੀ ਕਿ ਜਿੱਥੇ ਮਰਜ਼ੀ ਨਵੀਂ ਜ਼ਿੰਦਗੀ ਸ਼ੁਰੂ ਕਰ ਲੈ। ਹੁਣ ਮੈਂ ਕਦੇ ਕਮਲੇਸ਼ ਕੌਰ ਦੇ ਘਰ ਨਹੀਂ ਜਾਵਾਂਗੀ, ਜੋ ਕਦੇ ਮੇਰੀ ਸੱਸ ਸੀ।

ਕਰਮਜੀਤ : ਤਾਂ ਫਿਰ ਕਲ੍ਹ ਹੀ ਤੂੰ ਮੇਰੇ ਘਰ ਦੀ ਰੌਣਕ ਹੋਵੇਂਗੀ। ਮੇਰਾ ਸ਼ੇਅਰ ਪੜ੍ਹ, ਜੋ ਮੈਂ ਉਸ ਸਮੇਂ ਲਿਖਿਆ ਸੀ, ਜਦ ਤੂੰ ਪਿਛਲੀ ਵਾਰ ਇਥੇ ਮਿਲੀ ਸੀ।

ਰਮਨੀਤ : *(ਕਰਮਜੀਤ ਦੀ ਡਾਇਰੀ ਤੋਂ ਇਹ ਸ਼ੇਅਰ ਗਾਉਂਦੀ ਹੈ)*
ਤੂੰ ਖੁਸ਼ ਰਹੇਂ ਮੇਰੇ ਦਿਲ ਦੀ ਦੁਆ ਏ
ਤੇਰੀ ਜ਼ਿੰਦਗੀ 'ਚ ਕਦੇ ਗਮ ਨਾ ਆਏ!
*(ਦੋਵੇਂ ਇੱਕ ਦੂਸਰੇ ਵੱਲ ਵੇਖ ਮੁਸਕਰਾਉਂਦੇ ਹੋਏ ਸਟਿੱਲ ਹੋ ਜਾਂਦੇ ਹਨ)*

## ਆਖਰੀ ਦ੍ਰਿਸ਼

ਸਥਾਨ : *ਕਮਲੇਸ਼ ਕੌਰ ਆਪਣੇ ਘਰ ਦੇ ਵਰਾਂਡੇ ਵਿੱਚ ਰੱਖੀ ਹੋਈ ਮੰਜੀ 'ਤੇ ਲੇਟੀ ਹੈ। ਕੋਲ ਹੀ ਪਾਣੀ ਦਾ ਜੱਗ ਇੱਕ ਛੋਟੇ ਮੇਜ ਤੇ ਪਿਆ ਹੈ।*

ਕਮਲੇਸ਼ : *(ਆਪਣੇ ਆਪ ਨਾਲ)* ਹੁਣ ਤਾਂ ਉੱਠਿਆ ਨਹੀਂ ਜਾਂਦਾ। ਤਾਕਤ ਪਤਾ ਨਹੀਂ ਕਿੱਥੇ ਚਲੀ ਗਈ।
*(ਸਾਹਮਣੇ ਕੰਧ 'ਤੇ ਲੱਗੀ ਘੜੀ ਵੱਲ ਵੇਖਦੀ ਹੋਈ)*
ਹੈ, ਬਾਰਾਂ ਵੱਜ ਚੱਲੇ ਨੇ। ਜਾਗ ਹੀ ਨਹੀਂ ਆਈ, ਸਾਰੀ ਰਾਤ ਨੀਂਦ ਨਹੀਂ ਆਈ। ਸਿਰ ਨੂੰ ਚੱਕਰ 'ਤੇ ਚੱਕਰ ਆਉਂਦੇ ਪਏ ਨੇ।
*(ਉੱਠਣ ਦੀ ਕੋਸ਼ਿਸ਼ ਕਰਦੀ ਹੈ)*
ਰਮਨੀਤ ਕਿੱਥੇ ਮਰ ਗਈ। ਮੈਨੂੰ ਉਠਾ, ਸ਼ੂਗਰ ਦੀ ਦਵਾ ਦੇ ਦੇ ਮੈਨੂੰ। *(ਯਾਦ ਕਰਦੀ ਹੋਈ)* ਕਲ੍ਹ ਸ਼ਾਮ ਨੂੰ ਗਈ ਸੀ ਆਪਣੀ ਸਹੇਲੀ ਨੂੰ ਮਿਲਣ। ਉਹਦੇ ਨਾਲ ਰਾਤ ਕਿਸੇ ਹੋਟਲ 'ਤੇ ਗੁਲਸ਼ਰੇ ਉਡਾਉਂਦੀ ਹੋਵੇਗੀ। ਉਹਨੂੰ ਕੀ? ਪੁੱਤਰ ਤਾਂ ਮੇਰਾ ਚਲਾ ਗਿਐ। ਮਿਹਰ... ਅੱਜ ਤੇਰੀ ਯਾਦ ਆਉਂਦੀ ਪਈ ਏ, ਉਹਨੂੰ ਕਹਿਣੀ ਆਂ, ਆ ਜਾਏ ਘਰ, ਉਹਦਾ ਵਿਆਹ ਰਮਨੀਤ ਨਾਲ ਹੋ ਜਾਏ। ਸੋਹਣੀ ਏ, ਮੂੰਹ ਮੱਥੇ ਲੱਗਦੀ ਏ। ਘਰ ਦੀ ਮਿੱਟੀ ਘਰ 'ਚ ਰਹਿ ਜਾਏ।
*(ਜੱਸ ਆਉਂਦਾ ਹੈ)* ਕੌਣ ਏਂ?

ਜੱਸ : ਚਾਚੀ ਮੈਂ ਹਾਂ ਜੱਸ। ਮਿਹਰ ਦਾ ਫੂਨ ਆਇਆ ਸੀ ਅਮਰੀਕਾ ਤੋਂ। ਕਹਿੰਦਾ ਸੀ ਆਪਣੀ ਚਾਚੀ ਦਾ ਹਾਲ ਪੁੱਛ ਆ। ਚਾਚੀ, ਤੂੰ ਅਜੇ ਵੀ ਬਿਸਤਰੇ ਵਿੱਚ ਪਈ ਏਂ?

ਕਮਲੇਸ਼ : ਸੋਚ ਰਹੀ ਸਾਂ, ਕੀ ਤੋਂ ਕੀ ਹੋ ਗਿਐ। ਮੈਨੂੰ ਆਸਰਾ ਦੇ ਕੇ ਉਠਾ।
*(ਜੱਸ ਆਸਰਾ ਦੇ ਕੇ ਕਮਲੇਸ਼ ਨੂੰ ਬਿਠਾਉਂਦਾ ਹੈ, ਪਿੱਠ ਪਿੱਛੇ ਸਿਰਹਾਣਾ (ਤਕੀਆ) ਰੱਖ ਦਿੰਦਾ ਹੈ)*



ਜੱਸ, ਵੇਖੀਂ ਰਮਨੀਤ ਕੀ ਕਰਦੀ ਪਈ ਏ ਆਪਣੇ ਕਮਰੇ 'ਚ?

ਜੱਸ : ਚਾਚੀ, ਰਮਨੀਤ ਚਲੀ ਗਈ।

ਕਮਲੇਸ਼ : ਕਿੱਥੇ?

ਜੱਸ : ਆਪਣੇ ਮਾਂ ਪਿਓ ਘਰ *(ਕਾਗਜ਼ ਦਾ ਟੁਕੜਾ ਕਮਲੇਸ਼ ਕੋਰ ਨੂੰ ਵਿਖਾਉਂਦਾ ਹੈ)*

ਕਮਲੇਸ਼ : *(ਕਾਹਲੀ ਨਾਲ)* ਕੀ ਲਿਖਿਐ ਇਹਦੇ 'ਤੇ?

ਜੱਸ : *(ਪੜ੍ਹਦਾ ਹੋਇਆ)* ਮੇਜਰ ਦੀ ਮਾਂ, ਮੈਂ ਚੱਲੀ ਆਂ ਆਪਣੇ ਮਾਂ ਪਿਓ ਘਰ। ਤੁਹਾਡੇ ਨਰਕ ਜਿਹੇ ਘਰ ਨੂੰ ਪੱਕੀ ਸਲਾਮ।

ਕਮਲੇਸ਼ : ਕੁੱਤੀ, ਨੰਗ ਘਰ ਦੀ। ਬਿਨਾਂ ਦਾਜ ਤੋਂ ਵਿਆਹਿਆ ਇਹਨੂੰ। ਮੁੰਡੇ ਨੇ ਇਹਨੂੰ ਸੋਨੇ ਨਾਲ ਲੱਦ ਦਿੱਤਾ।
*(ਕੁੱਝ ਯਾਦ ਕਰਦੀ ਹੋਈ)*
ਜੱਸ, ਵੇਖੀਂ ਇਹਦੇ ਕਮਰੇ 'ਚ। ਸੋਨਾ ਲੈ ਗਈ ਕਿ ਪਿਆ ਏ ਅਲਮਾਰੀ 'ਚ?
*(ਜੱਸ ਜਾਂਦਾ ਹੈ)*
*(ਆਪਣੇ ਆਪ ਨਾਲ)* ਹੱਥ ਫੇਰ ਗਈ ਹੋਣੀ ਏ ਘਰ ਨੂੰ। ਕੰਜਰੀ ਕੀ ਆਈ, ਮੇਰਾ ਪੁੱਤਰ ਖਾ ਗਈ।
*(ਜੱਸ ਆਉਂਦਾ ਹੈ, ਉਹਦੇ ਹੱਥ ਵਿੱਚ ਸੋਨੇ ਵਾਲੀਆਂ ਡੱਬੀਆਂ ਹਨ)*
*(ਜੱਸ ਨੂੰ)* ਡੱਬੀਆਂ 'ਚ ਹੈ ਕੁੱਝ? *(ਸਾਹ ਚੜ੍ਹਦਾ ਹੈ)*

ਜੱਸ : ਹਾਂ ਚਾਚੀ, ਸਾਰਾ ਸੋਨਾ ਡੱਬੀਆਂ ਵਿੱਚ ਹੀ ਏ। ਲੈ, ਰੱਖ ਲੈ ਆਪਣੇ ਕੋਲ।
*(ਸੋਨਾ ਵੇਖ ਕੇ ਕਮਲੇਸ਼ ਦਾ ਸਰੀਰ ਕੁਝ ਹਰਕਤ ਵਿੱਚ ਆ ਜਾਂਦਾ ਹੈ, ਉਹ ਸਾਰਾ ਸੋਨਾ ਆਪਣੇ ਕੰਬਦੇ ਹੱਥਾਂ ਵਿੱਚ ਫੜ ਕੇ ਬਿਸਤਰੇ 'ਤੇ ਰੱਖ ਦਿੰਦੀ ਹੈ।)*
ਚਾਚੀ, ਸਾਰੇ ਲੋਕ ਮਾਇਆ ਪਿੱਛੇ ਪਾਗਲ ਨਹੀਂ ਹੁੰਦੇ। *(ਗੱਲ ਬਦਲਦਾ ਹੋਇਆ)* ਤੁਹਾਨੂੰ ਪਤਾ ਲੱਗੈ ਬਾਬਾ ਫਕੀਰਾ ਦੀ ਕਰਤੂਤ ਦਾ?

ਕਮਲੇਸ਼ : ਕੀ ਹੋਇਐ?

ਜੱਸ : ਆਪਣੇ ਭੋਰੇ ਵਿੱਚ ਕਈ ਔਰਤਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦਾ ਰਿਹੈ ਕੁਝ ਸਮੇਂ ਤੋਂ, ਪਰ ਕਲ੍ਹ ਤਾਂ ਉਹਨੇ ਬਾਰਾਂ ਸਾਲ ਦੀ ਕੁੜੀ 'ਤੇ ਤਰਸ ਨਹੀਂ

ਖਾਧਾ।

ਕਮਲੇਸ਼ : ਇਹ ਕੀ ਹੋ ਗਿਐ, ਮੇਰਾ ਤਾਂ ਪਹਿਲਾਂ ਹੀ ਸਿਰ ਚਕਰਾਉਂਦਾ ਪਿਐ.........। ਬਾਬਾ ਜੀ ਕਿੱਥੇ ਨੇ?

ਜੱਸ : ਬਾਬੇ ਦੇ ਡੇਰੇ ਤਾਂ ਪੁਲਿਸ ਹੀ ਪੁਲਿਸ ਏ, ਬਾਕੀ ਬਾਬਾ ਦੌੜ ਗਿਐ ਕਿਸੇ ਬਾਹਰਲੇ ਦੇਸ਼। ਉਹਦੀ ਰੋਟੀ ਬਣਾਉਣ ਵਾਲਾ ਨਿਪਾਲੀ ਮੁੰਡਾ ਦੱਸਦਾ ਸੀ ਕਿ ਬਾਬਾ ਪਾਸਪੋਰਟ ਤੇ ਨੋਟਾਂ ਦਾ ਬੈਗ ਭਰ ਕੇ ਕਾਰ 'ਚ ਆਰ ਤੋਂ ਪਾਰ ਹੋ ਗਿਐ।

ਕਮਲੇਸ਼ : *(ਰੋਂਦੀ ਹੋਈ)* ਕਾਲਾ ਨਾਗ ਨਿਕਲਿਐ। ਮਿਹਰ ਦਾ ਡੈਡੀ ਠੀਕ ਹੀ ਦੱਸਦਾ ਸੀ ਇਸ ਪਾਖੰਡੀ ਦੀ ਕਹਾਣੀ। *(ਮਿਹਰ ਦਾ ਫ਼ੂਨ ਆਉਂਦਾ ਹੈ, ਕਮਲੇਸ਼ ਕੌਰ ਨਾਲ ਫ਼ੂਨ 'ਤੇ ਗੱਲ ਕਰਦਾ ਹੈ)*

ਮਿਹਰ : ਮੰਮੀ ਠੀਕ ਏਂ?

ਕਮਲੇਸ਼ : ਸਰੀਰ ਨਹੀਂ ਹਿਲਦਾ ਪਿਐ, ਜ਼ੁਬਾਨ ਥਿੜਕਦੀ ਪਈ ਏ, ਸ਼ੂਗਰ ਨਹੀਂ ਛੱਡਦੀ ਮੈਨੂੰ। ਪੁੱਤਰ, ਮੇਰੀ ਮੰਨ ਤੂੰ ਅਮਰੀਕਾ ਛੱਡ ਕੇ ਇੱਥੇ ਆ ਜਾ। ਸਾਡੀ ਹੁਣ ਇਥੇ ਮੁਰੱਬਾ ਪੈਲੀ ਹੋ ਗਈ ਏ।

ਮਿਹਰ : ਕੀ ਕਰਾਂਗਾ ਆ ਕੇ। ਥੋੜਾ ਟਾਈਮ ਹੋਰ ਦੇਣਾ ਪਵੇਗਾ ਆਪਣੇ ਬੇਟਿਆਂ ਨੂੰ। ਪੈਰਾਂ 'ਤੇ ਖੜ੍ਹੇ ਹੋ ਜਾਣ, ਪੱਕਾ ਹੀ ਆ ਜਾਵਾਂਗਾ।

ਕਮਲੇਸ਼ : ਮੇਰੀ ਮੰਨ, ਤੂੰ ਜ਼ਰੂਰ ਆ ਜਾ।

ਮਿਹਰ : ਮੇਜਰ ਦਾ ਵਿਆਹ ਆਇਆ- ਕਹਿੰਦੀ ਸੀ ਤੂੰ ਨਹੀਂ ਆਉਣਾ। ਡੈਡੀ ਚਲੇ ਗਏ- ਕਹਿੰਦੀ ਸੀ ਤੂੰ ਨਾ ਆਵੀਂ। ਮੇਜਰ ਮੇਰਾ ਛੋਟਾ ਭਰਾ ਵਿਛੜ ਗਿਆ-ਕਹਿੰਦੀ ਸੀ ਤੂੰ ਨਾ ਆਵੀਂ। ਜੱਸ ਤੁਹਾਡਾ ਖਿਆਲ ਰੱਖੇਗਾ। ਭੇਜ ਦਿਆਂ ਚਾਰ ਪੰਜ ਲੱਖ ਤੁਹਾਡੇ ਅਕਾਊਂਟ 'ਚ?

ਕਮਲੇਸ਼ : ਨਹੀਂ ਚਾਹੀਦੇ ਡਾਲਰ *(ਰੋ ਪੈਂਦੀ ਹੈ)*

ਮਿਹਰ : ਚੰਗਾ ਮੰਮੀ, ਬੇਟਿਆਂ ਨੂੰ ਛੱਡਣ ਚੱਲਿਆਂ ਸਕੂਲ *(ਫ਼ੂਨ ਕੱਟ ਦਿੰਦਾ ਹੈ)*

ਜੱਸ : ਚਾਚੀ, ਹਿੰਮਤ ਕਰ। ਇਕ ਦਿਨ ਮਿਹਰ ਜ਼ਰੂਰ ਆਵੇਗਾ।

ਕਮਲੇਸ਼ : ਆਵੇਗਾ... ਆਹੋ ਆਵੇਗਾ... ਜਦ ਇਸ ਘਰ 'ਚ ਉੱਲੂ ਬੋਲਦੇ ਹੋਣਗੇ। *(ਕਮਲੇਸ਼ ਦੀ ਜ਼ੁਬਾਨ ਕੰਬਣ ਲੱਗ ਪੈਂਦੀ ਹੈ)*



ਜੱਸ : ਚਾਚੀ ਲੈ ਪਾਣੀ ਕੋਸਾ ਪਾਣੀ। *(ਥੋੜਾ ਜਿਹਾ ਪਾਣੀ ਪੀਂਦੀ ਹੈ)*

ਕਮਲੇਸ਼ : ਜੱਸ ਪੁੱਤਰ, ਕੀ ਕਰੇਗਾ ਮਿਹਰ ਆ ਕੇ ਇੱਥੇ... ਪਾਖੰਡੀ ਬਾਬੇ ਨੇ ਮਿਹਰ ਦਾ ਡੈਡੀ.... ਮਰਵਾਇਆ ਮੇਰੇ ਹੱਥੋਂ *(ਹੰਝੂਆਂ ਦੀ ਝੜੀ ਲਾ ਦਿੰਦੀ ਹੈ)*
.... ਰੱਬ ਨੇ..... ਬਦਲਾ ਲਿਆ..... ਮੇਜਰ ਨੂੰ ਖੋਹ ਲਿਆ। ਮਿਹਰ ਨਹੀਂ ਆ ਸਕਿਆ.... ਕੋਈ ਆਰ.... ਕੋਈ ਪਾਰ.... ਅੱਖਾਂ ਅੱਗੇ..... *(ਦੌਰਾ ਪੈ ਜਾਂਦਾ ਹੈ, ਨਾਲ ਹੀ ਦਮ ਤੋੜ ਜਾਂਦੀ ਹੈ)*

ਜੱਸ : ਖਤਮ ਹੋ ਗਈ ਕਹਾਣੀ।

ਗੀਤ ਦੇ ਬੋਲ : ਜਿਸ ਥਾਂ ਸੀ ਕੁਦਰਤ ਵੱਸਦੀ
ਖੁਸ਼ੀਆਂ, ਖੇੜੇ ਤੇ ਪਿਆਰ।
ਫਿਰ ਮਾਇਆ ਦੀ ਖੇਡ ਚੱਲੀ ਤਾਂ
ਕੋਈ ਆਰ ਕੋਈ ਪਾਰ।

(ਹਨੇਰਾ ਹੋ ਜਾਂਦਾ ਹੈ)